੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ।।

# ਸਿੱਕਾਂ ਸੱਧਰਾਂ

## (ਬਿਰਹੇ ਤੇ ਜੋਦੜੀਆਂ)

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001


www.sikhbookclub.com

*Sikan Sadhran*
Bhai Vir Singh

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਨਵੀਂ ਐਡੀਸ਼ਨ, 1999

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ,
ਭਾਈ ਵੀਰ ਸਿੰਘ ਮਾਰਗ,
ਨਵੀਂ ਦਿੱਲੀ

*ਪ੍ਰਿੰਟਰ :*
ਭਾਈ ਵੀਰ ਸਿੰਘ ਪ੍ਰੈਸ,
ਭਾਈ ਵੀਰ ਸਿੰਘ ਮਾਰਗ,
ਨਵੀਂ ਦਿੱਲੀ

ਮੁੱਲ : 25/- ਰੁਪਏ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਭੂਮਿਕਾ

(੧)

ਭਾਈ ਵੀਰ ਸਿੰਘ ਜੀ ਨੇ 'ਸੁੰਦਰੀ' ਲਿਖੀ। ਉਹ 'ਸੁੰਦਰੀ ਕਰਤਾ' ਹੋ ਗਏ, ਆਪਣਾ 'ਨਾਂ' ਪਿਛੇ ਪੈ ਗਿਆ, ਲੁਕ ਗਿਆ, ਪੜਦੇ ਉਹਲੇ ਹੋ ਗਿਆ।

ਸੁੰਦਰੀ ਲਿਖਣ ਦੇ ਲਾਗਵੇਂ ਸਮੇਂ ਵਿਚ ਸਵਾਮੀ ਵਿਵੇਕਾ ਨੰਦ ਨੇ ਇਸਤ੍ਰੀਆਂ ਨੂੰ ਸਾਵਧਾਨ ਕੀਤਾ। ਉਸ ਕਿਹਾ:-

Strength, Strength, I preach nothing but strength.

ਵਿਵੇਕਾਨੰਦ ਕੀ ਚਾਹੁੰਦਾ ਸੀ:-

From men he demanded manliness and from women the corresponding quality for which there is no word. Whatever it is, it is the opposite of self-pity, the ememy of weakness and indulgence. This attitude had the effect of a tonic. Something long dormant was aroused and with it came strength and freedom.

(*Sister Christine, Reminiscennes Of Swami Vivekananda. P,212*)

ਇਸ ਦਾ ਭਾਵ ਇਹ ਹੈ ਕਿ ਵਿਵੇਕਾਨੰਦ ਮਨੁਖਾਂ ਕੋਲੋਂ ਕੀ ਮੰਗਦਾ ਸੀ? ਕੇਵਲ ਮਰਦਊਪੁਨਾ। ਇਸਤ੍ਰੀਆਂ ਤੋਂ ਉਹ ਕੀ ਉਮੈਦ ਰਖਦਾ ਸੀ? ਉਹੋ ਗੁਣ ਜੋ ਮਰਦਊਪੁਨੇ ਦੇ ਮੁਕਾਬਲੇ ਵਿਚ ਇਸਤ੍ਰੀਆਂ ਦਾ ਹੋਣਾ ਚਾਹੀਦਾ ਹੈ, ਪਰ ਜੋ ਲਫਜ਼ਾਂ ਵਿਚ ਬਿਆਨ


www.sikhbookclub.com

ਨਹੀਂ ਹੋ ਸਕਦਾ। ਜੋ ਕੁਛ ਵੀ ਇਹ ਹੋਵੇ, ਇਹ ਉਹ ਖੂਬੀ ਹੈ ਜੋ ਉਸ ਦਸ਼ਾ ਦੇ ਐਨ ਉਲਟ ਹੈ, ਜਿਸ ਵਿਚ ਇਕ ਇਸਤ੍ਰੀ ਅਪਣੀ ਬੇ ਬਸੀ ਉਪਰ ਝੋਰੇ ਝੁਰਦੀ ਆਪਣੇ ਆਪ ਨੂੰ ਆਪਣੀਆਂ ਨਜ਼ਰਾਂ ਵਿਚ ਕਾਬਲੇ ਰਹਮ ਸਮਝਦੀ ਹੈ। ਵਿਵੇਕਾਨੰਦ ਦੇ ਏਸ ਰਵੱਯੇ ਦਾ ਬੜਾ ਟਾਨਿਕ (Tonic) ਅਸਰ ਹੋਇਆ। ਕੁਛ ਚੀਜ਼ ਜੋ ਦੇਰ ਤੋਂ ਸੁੱਤੀ ਪਈ ਸੀ, ਜਾਗ੍ਰਤ ਵਿਚ ਆ ਗਈ। ਇਸਦੇ ਨਾਲ ਤਾਕਤ ਫਿਰ ਪਈ, ਆਜ਼ਾਦੀ ਆ ਗਈ।

'ਸੁੰਦਰੀ' ਵਿਚ ਕੀ ਖੂਬੀ ਸੀ? ਨੁਕਤਾਚੀਨਾਂ ਨੂੰ ਸਮਝ ਨਾ ਆਈ। ਕਿਸੇ ਕਿਹਾ ਇਹ ਅਸਲੀਅਤ ਤੋਂ ਦੂਰ ਹੈ, ਕਿਸੇ ਕਿਹਾ ਇਹ ਇਤਿਹਾਸਕਿ ਤੱਥ ਨਹੀਂ, ਕਿਸੇ ਕਿਹਾ ਇਹ ਆਦਰਸ਼ਵਾਦੀ ਝਾਕੀ ਹੈ, ਕਿਸੇ ਕਿਹਾ ਇਹ ਸਮੇਂ ਨਾਲ ਢੁੱਕਵੀਂ ਨਹੀਂ। ਦਰਅਸਲ 'ਸੁੰਦਰੀ' ਕੁਛ ਹੋਰ ਸੀ। ਇਹ ਇਕ Symbol ਸੀ, ਇਕ ਪ੍ਰਤੀਕ ਸੀ, ਇਕ ਚਿੰਨ੍ਹ ਸੀ, ਇਹ ਇਕ ਸ਼ਕਤੀ ਦਾ ਸੰਕੇਤ ਸੀ। ਸ਼ਕਤੀ ਸੁੱਤੀ ਪਈ ਸੀ। ਨੀਂਦ ਵਿਚ ਖੀਣ ਹੋ ਰਹੀ ਸੀ। ਭਾਈ ਵੀਰ ਸਿੰਘ ਨੇ ਇਕ ਹਲੂਣੇ ਨਾਲ ਸੁੱਤੀ ਕਲਾ ਜਗਾ ਦਿਤੀ।

(੨)

ਔਸਕਰ ਵਾਈਲਡ ਨੇ ਕਿਹਾ ਸੀ:-

"Literature always anticipates life. It does not copy it, but moulds it to its purpose."

ਇਸ ਦਾ ਮਤਲਬ ਹੈ ਕਿ ਸਾਹਿਤ ਲਈ ਜ਼ਰੂਰੀ ਨਹੀਂ ਕਿ ਉਹ ਜ਼ਿੰਦਗੀ ਦੀਆਂ ਘਟਨਾਵਾਂ ਦੀ ਹੂਬਹੂ ਨਕਲ ਉਤਾਰੇ। ਸਾਹਿਤ ਵਿਚ ਇਹ ਖੂਬੀ ਹੋਣੀ ਚਾਹੀਦੀ ਹੈ ਕਿ ਉਸਦੇ ਪ੍ਰਭਾਵ ਹੇਠ ਜੀਵਨ ਉਸ ਯੋਗਤਾ ਵਲ ਹੰਭਲਾ ਮਾਰੇ ਅਤੇ ਉਨ੍ਹਾਂ ਸਾਂਚਿਆਂ (moulds) ਵਿਚ ਆਪਣੇ ਆਪ ਨੂੰ ਢਾਲੇ ਜੋ ਸਾਂਚੇ ਸਾਹਿਤ ਨੇ ਤਿਆਰ ਕੀਤੇ ਹਨ, ਜੀਵਨ ਮਨੋਰਥ ਨੂੰ ਪੂਰਾ ਕਰਨ ਲਈ।



www.sikhbookclub.com

ਭਾਈ ਵੀਰ ਸਿੰਘ ਨੇ ਸੁੱਤੀ ਕਲਾ ਜਗਾ ਦਿਤੀ, ਕੌਮ ਉੱਠ ਖਲੋਤੀ, ਇਕ ਨਵਾਂ ਸਮਾਜ ਖੜਾ ਹੋ ਗਿਆ।

(੩)

ਪਰ ਭਾਈ ਸਾਹਿਬ ਆਪ ਸਮਾਜ ਤੋਂ ਸੰਕੋਚ ਕਰਦੇ ਸਨ। ਇਹ ਕਿਉਂ ਸੀ? ਲੀਓਨਾਰਡੋ ਡਾਵਿੰਚੀ (LEONARDO DAVINCI) ਨੇ ਕਿਹਾ ਸੀ:-

"Your strength, Oh Painter, is in solitude. When you are alone, you belong wholly to yourself; but if you have even one companion you are only half of your own possibly less than half if your friend is indiscreet. If you have many friends you fall more deeply into the same slough.

ਇਸ ਵਿਚ ਇਕ ਹੁਨਰਮੰਦ ਆਦਮੀ ਨੂੰ ਸੰਬੋਧਨ ਕੀਤਾ ਹੈ, ਕਿਹਾ ਹੈ: ਐ ਚਿੱਤਰਕਾਰ ਤੇਰੀ ਸ਼ਕਤੀ ਤੇਰੀ ਏਕਾਂਤ ਵਿਚ ਹੈ। ਜਿਸ ਵੇਲੇ ਤੂੰ ਏਕਾਂਤ ਵਿਚ ਹੈਂ ਉਸ ਵੇਲੇ ਤੂੰ ਸਬੂਤਾ ਹੈਂ, ਤੂੰ ਸਾਰੇ ਦਾ ਸਾਰਾ ਆਪਣੇ ਆਪ ਦੀ ਮਲਕੀਅਤ ਹੈਂ। ਪਰ ਜੇ ਤੇਰਾ ਇਕ ਵੀ ਸਾਥੀ ਹੈ ਤਾਂ ਤੂੰ ਅੱਧਾ ਹੈਂ, ਸ਼ਾਇਦ ਅੱਧੇ ਤੋਂ ਵੀ ਘੱਟ ਜੇ ਕਰ ਉਹ ਸਾਥੀ ਨਾਦਾਨ ਹੈ। ਜੇ ਕਰ ਤੇਰੇ ਦੋਸਤ ਬਹੁਤ ਹਨ ਤਾਂ ਤੂੰ ਉਨ੍ਹਾਂ ਦੀ ਦਲਦਲ ਵਿਚ ਡੂੰਘਾ ਫਸ ਜਾਏਂਗਾ।

ਇਹ ਪੁਸਤਕ "ਸਿੱਕਾਂ ਸੱਧਰਾਂ" ਜੋ ਆਪ ਦੇ ਹੱਥਾਂ ਵਿਚ ਹੈ, ਕਹਿਣ ਨੂੰ ਤਾਂ ਕਵਿਤਾ ਦਾ ਸੰਗ੍ਰਹਿ ਹੈ ਪਰ ਨਿਰੀ ਇਤਨੀ ਗਲ ਨਹੀਂ, ਇਹ ਇਕੱਲ ਦਾ ਪਰਛਾਵਾਂ ਹੈ, ਇਹ ਹਿਰਦੇ ਦੀ ਸੁੰਨ ਦਾ ਅਕਸ ਹੈ ਜੋ ਬਾਹਰ ਵਲ ਉਭਰ ਰਿਹਾ ਹੈ। ਇਸ ਬਾਹਰ ਪੈ ਰਹੀ ਪਰਛਾਈਂ ਵਿਚ ਉਹ ਵਿਲਕਣੀ ਹੈ, ਉਹ ਸਿੱਕ ਹੈ, ਉਹ ਸੱਧਰ ਹੈ ਜਿਸ ਨਾਲ ਇਕੱਲ ਦੇ ਅਰਥ ਬਦਲ ਜਾਂਦੇ ਹਨ ਅਤੇ ਪਤਾ ਲਗਦਾ ਹੈ ਕਿ ਇਹ ਇਕੱਲ ਕੋਈ ਉਜਾੜ ਨਹੀਂ ਇਹ ਉਹ ਏਕਾਂਤ ਹੈ ਜਿਸ ਵਿਚ ਵਸਲ ਦੀ ਘੜੀ ਦਾ ਮਿਲਾਪ ਛੁਪਿਆ ਹੋਇਆ ਹੈ। ਇਸ ਨਾਲ ਹਿਰਦੇ ਦਾ ਬੰਜਰ ਹਰਾ ਹੋ ਜਾਂਦਾ ਹੈ, ਬਿਰਹੋਂ ਦੇ ਮਾਰੂਥਲ ਵਿਚ


www.sikhbookclub.com

ਨਖ਼ਲਿਸਤਾਨ (OASIS) ਦੇ ਸ਼ਗੂਫੇ ਪੱਲਰ ਪੈਂਦੇ ਹਨ, ਰੇਗਿਸਤਾਨ ਵਿਚ ਥੋਰਾਂ ਦੇ ਵੰਨ ਸਵੰਨੇ ਪੁਸ਼ਪਾਂ ਦਾ ਚਮਨ ਖਿੜ ਪੈਂਦਾ ਹੈ:-

ਮੈਂ ਸਾਂਈਆਂ ਜੀਓ !
ਸਦਾ ਉਡੀਕਵੰਦ ਰਹਾਂ,....
(ਮੇਰੇ) ਅੰਙਣੇ ਪ੍ਰਵੇਸ਼ ਕਰੋ
ਮੇਰੇ ਮਨ ਮੰਦਰ ਦੇ ਅੰਦਰ,
ਜਿਥੇ ਹੋਰ ਕੋਈ ਓਪਰਾ ਨਹੀਂ
ਬਿਨਾਂ ਤੁਸਾਡੀ ਆਪਣੀ....
ਰਸ ਭਿੰਨੜੀ ਯਾਦ ਦੇ।
ਹਾਂ, ਜਿੱਥੇ ਵਸਦੀ ਹੈ
ਤੁਸਾਡੇ ਲਈ ਸਦਾ ਤੜਫਦੀ
ਤੁਹਾਡੇ ਮਿਲਣ ਦੀ ਮੇਰੀ
ਦਿਲ ਪੀੜਾ
ਜੋ ਸਾਂਈਆਂ ਜੀਓ !
ਤੁਸਾਡੀ ਯਾਦ ਨੂੰ ਸਦਾ ਕੁਮਾਰ
ਸਦਾ ਮੁਟਿਆਰ
ਸਦਾ ਜੋਬਨ ਭਰੀ
ਸਦਾ ਜੁਆਨੀ ਦੇ ਲਹਿਰੇ ਲੈਂਦੀ
ਹੁਲਾਰਿਆਂ ਦੇ ਰੰਗ ਵਿਚ
ਰਖਦੀ ਹੈ। (*ਅਰਦਾਸ, ਸਫਾ 71-93*)

ਭਾਈ ਸਾਹਿਬ ਦੀ ਸਿੱਕਾਂ ਸੱਧਰਾਂ ਦੀ ਥੀਮ (Theme) ਮੁੱਢ ਤੋਂ ਸ਼ੁਰੂ ਹੋਈ ਅਖ਼ੀਰ ਤਕ ਪੂਰੀ ਨਿਭੀ। ਇਹ ਕਦੇ ਪੁਰਾਣੀ ਨਹੀਂ ਹੋਈ। ਇਸ ਦਾ ਜੋਬਨ ਨਿਤ ਨਵਾਂ ਨਿਖਰਦਾ ਰਿਹਾ। ਇਹ ਪ੍ਰੇਮ ਦਾ

ਕ੍ਰਿਸ਼ਮਾ ਹੈ। ਪਿਆਰ ਦੀਆਂ ਰੀਝਾਂ ਕਦੇ ਥੱਕਦੀਆਂ ਨਹੀਂ। ਉ
ਹਮੇਸ਼ਾਂ ਸੱਜਰੀਆਂ ਹਨ:-

(੧) ਓਹੁ ਨੇਹੁ ਨਵੇਲਾ।।
ਅਪੁਨੇ ਪ੍ਰੀਤਮ ਸਿਉ ਲਾਗਿ ਰਹੈ।।੧।।ਰਹਾਉ।।

*(ਆਸਾ ਮਹਲਾ ੫-੧੫੦, ਪੰਨਾ ੪੦੭)*

(੨) ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ।।
ਗੁਰਮੁਖਿ ਰੰਗੁ ਚਲੂਲਾ ਪਾਵੈ
ਹਰਿ ਹਰਿ ਹਰਿ ਨਵਰੰਗੜੀਆ।।੧।।

*(ਵਡ: (ਘੋੜੀਆ) ਮਹਲਾ ੪-੬, ਸਫਾ ੫੭੫)*

(੪)

10 ਜੂਨ 1957 ਨੂੰ ਭਾਈ ਸਾਹਿਬ ਸਚੇ ਧਾਮ ਪਧਾਰ ਗਏ। ਉਨ੍ਹਾਂ ਦੇ ਪਿਛੋਂ ਜੋ ਪਹਿਲੀ ਕਵਿਤਾ, ਜੋ ਅਜੇ ਅਣਛਪੀ ਸੀ, ਅਖਬਾਰ ਵਿਚ ਦਿੱਤੀ ਗਈ:-

'ਬਿਰਹੁੰ' ਤੁਸਾਡਾ ਬਹੁਤ ਗਾਖੜਾ
ਪਰ ਫਿਰ ਹੈ ਰਸ ਭਰਿਆ,
'ਦਰਸ' ਤੁਸਾਂ ਵਿਚ ਕੀ ਕੁਈ ਜਾਣੇ
ਰਸ ਕਿੰਨਾ ਹੋਊ ਧਰਿਆ,
'ਗ਼ਮ' ਤੁਹਾਡੇ ਵਿਚ ਪੈਕੇ ਜੀਉਣਾ
ਸਭ ਖੁਸ਼ੀਆਂ ਤੋਂ ਸੁਆਦੀ
'ਵਸਲ' ਤੁਸਾਂ ਦਾ ਖ਼ਬਰ ਹੈਵੇ
ਕਿਨ੍ਹਾਂ ਰਸਾਂ ਨਾਲ ਵਰਿਆ !

(ਗ਼ਮ, *ਸਫਾ-51*)

ਇਸ ਕਵਿਤਾ ਤੋਂ ਸ਼ੁਰੂ ਹੋ ਕੇ ਜੋ ਉਸ ਮੌਕੇ ਉਪਰ ਅਸਹਿ ਵਿਛੋੜੇ ਦੀ ਵੇਦਨਾਂ ਦੇ ਅਰਥਾਂ ਨਾਲ ਭਰਪੂਰ ਸੀ, ਕਈ ਸਾਲ ਲਗਾਤਾਰ ਖਾਲਸਾ ਸਮਾਚਾਰ ਵਿਚ ਉਹ ਜ਼ਖੀਰਾ ਛਪਦਾ ਰਿਹਾ ਜੋ ਭਾਈ ਸਾਹਿਬ ਅਣਛਪਿਆ ਪਿਛੇ ਛਡ ਗਏ ਸਨ। ਉਸ ਨੂੰ ਹੁਣ ਪੁਸਤਕਾਂ ਦਾ ਰੂਪ ਦਿਤਾ ਜਾ ਰਿਹਾ ਹੈ। ਉਸ ਸ਼੍ਰੇਣੀ ਵਿਚੋਂ ਪਹਿਲੀ ਇਹ 'ਸਿੱਕਾਂ ਸੱਧਰਾਂ' ਹੈ ਜੋ ਆਪ ਦੇ ਕਰ ਕਮਲਾਂ ਵਿਚ ਹੈ।

(੫)

ਭਾਈ ਸਾਹਿਬ ਦੀ ਜ਼ਿੰਦਗੀ ਵਿਚ ਦੋਨੋਂ ਪੱਖ ਸਨ: ਸਮਾਜਕ ਮਾਮਲੇ ਅਤੇ ਏਕਾਂਤ ਦਾ ਰਸ। ਵਾਸਤਵ ਵਿਚ ਇਹ ਵਿਰੋਧੀ ਗਲਾਂ ਹਨ: ਜੱਗਤ ਦੇ ਵਿਚ ਰਹਿਣਾ ਜਾਂ ਇਸ ਤੋਂ ਕਿਨਾਰਾ ਕਰਨਾ। ਇਸ ਦੁਬਿਧਾ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾਏ, ਇਸ ਸੁਆਲ ਨੂੰ ਕਿਸ ਤਰ੍ਹਾਂ ਹੱਲ ਕੀਤਾ ਜਾਵੇ? ਭਾਈ ਸਾਹਿਬ ਦੇ ਅਮਲੀ ਜੀਵਨ ਵਿਚੋਂ ਇਸ ਗਲ ਦੀ ਸੋਝੀ ਮਿਲਦੀ ਹੈ। ਉਨ੍ਹਾਂ ਨੇ ਆਖਿਰ ਇਸ ਗੁੱਥੀ ਨੂੰ ਸੁਲਝਾ ਲਿਆ ਸੀ। ਉਨ੍ਹਾਂ ਨੇ ਇਨ੍ਹਾਂ ਦੋਨਾਂ ਪੱਖਾਂ ਨੂੰ ਉਪਯੋਗੀ ਬਣਾ ਲਿਆ ਸੀ। ਇਨ੍ਹਾਂ ਦੋਨਾਂ ਦੀ ਯੋਗ ਵਰਤੋਂ ਤੋਂ ਉਨ੍ਹਾਂ ਨੇ ਅੰਦਰਲੀਆਂ ਦੋ ਰੁਚੀਆਂ ਦਾ ਮਿਲਾਪ ਕਰ ਲਿਆ ਸੀ। ਉਨ੍ਹਾਂ ਦਾ ਸਿੱਧਾਂਤ ਸੀ ਕਿ ਇਸ ਮਿਲਨੀ ਵਿਚ ਇਕ ਲੁਕਵੀਂ ਤਾਕਤ ਹੈ, ਜਿਸਦੇ ਪ੍ਰਕਾਸ਼ ਨਾਲ ਆਤਮਕ ਬਲ ਵਧਦਾ ਹੈ ਜੋ ਮਨੁੱਖ ਨੂੰ ਹਰ ਪ੍ਰਕਾਰ ਦੀ ਸੁਤੰਤਰਤਾ ਬਖਸ਼ਦਾ ਹੈ। ਇਸ ਸੁਲਝਾ ਦੀ ਕੁੰਜੀ ਇਸ ਪੁਸਤਕ ਵਿਚ ਦਿੱਤੀ ਅਖੀਰਲੀ ਕਵਿਤਾ ਹੈ:-

ਤੂੰ ਜਗਤ ਵਿਚ ਹੈਂ,
ਜਗਤ ਵਿਚ ਦੁੱਖ ਹੈ,
ਪਰ ਸੁਖ ਬੀ ਹੈ।
ਨਾ ਦੁੱਖ ਤੋਂ ਕਾਇਰ ਹੋਕੇ ਭੱਜ,


www.sikhbookclub.com

ਨਾ ਸੁਖ ਦੇ ਮਗਰ ਲੋਭੀ ਹੋਕੇ ਭੱਜ !
ਦੁੱਖ ਦੇ ਆਇਆਂ ਝੱਲ
ਤੇ ਉੱਚਾ ਹੋਕੇ ਵਿਚ ਦੀ ਲੰਘ ਜਾ !
ਐਉਂ ਸੁਖ ਦੁੱਖ ਦਾ ਬਲ
ਤੇਰੇ ਤੇ ਘਟੇਗਾ,
ਤੇਰਾ ਬਲ ਉਨ੍ਹਾਂ ਤੇ ਵਧੇਗਾ,
ਬਲ ਵਧਣ ਨਾਲ
ਆਤਮ-ਸੁਤੰਤਰਤਾ ਵਧੇਗੀ।

*(ਆਤਮ-ਸੁਤੰਤਰਤਾ, ਸਫਾ-97)*

(ਬਲਬੀਰ ਸਿੰਘ)

ਪੰਚਬਟੀ, ਡੇਹਰਾਦੂਨ
10 ਅਕਤੂਬਰ 1973


www.sikhbookclub.com

# ਸੂਚੀ ਸਿੱਕਾਂ ਸੱਧਰਾਂ


ਸੁਹਣੇ ਤੇ ਮਿੱਠੇ ਮਾਹੀ !. ........ 11
ਹਜ਼ੂਰੇ. ........ 11
ਬਾਲ ਦੀ ਗਲ-ਚੰਬੜ. ........ 12
ਗਲ ਲਾ ਲੈ. ........ 12
ਦੇਵ ਸੇਵ. ........ 13
ਨਾਮ ਤੇਰੇ ਦੀ ਪੇਉਂਦ. ........ 13
ਯਾਦ ਰਉਂ. ........ 14
ਰੁਣ ਝੁਣ. ........ 14
ਪ੍ਰੇਮ. ........ 15
ਮਿਹਰ ਦੀ ਛਾਉਂ. ........ 15
ਭੁੱਖ ਅਗੰਮੀ. ........ 16
ਸਦੈਵੀ ਛਿਨ. ........ 16
ਰਹੀਏ ਬਾਂਹਾਂ ਉਲਾਰ. ........ 17
ਦਗ਼ ਦਗ਼ ਅੰਦਰੋਂ. ........ 18
ਯਾਦ ਮੌਲਾ ਦੀ. ........ 18
ਛੋਪਲੇ ਆਓ ਨਾ !. ........ 19
ਹੋ ਜਾ !. ........ 19
ਚਿਣੰਗ ਦਰਸ. ........ 20
ਪ੍ਰੇਮ-ਖਿੱਚ ਦਾ ਨੇਮ. ........ 20
ਤੇਰੀ ਖਿੱਚ. ........ 21
ਭਰ ਲਈਂ ਕਲਾਵੇ !. ........ 21
ਮਿਲ ਪਉ. ........ 22
ਲੇਖ ਮਿਟਾਉਣੀ ਜੁਗਤਿ. ........ 22
ਨਾਮ ਰੂਪ. ........ 23
ਪਜਾਰ ਨਕਸ਼. ........ 23
ਅਨੰਤ ਲਗਨ. ........ 24
ਸ਼ੁਕਰ. ........ 25
ਖੇੜੇ ਦੇ ਝੋਲ. ........ 25
ਕੰਡਾ. ........ 26
ਨਿਤਾਣੇ ਦਾ ਪਿਆਰ. ........ 26
ਪਾ ਗਏ ਝਾਤ. ........ 27
ਅਪਣੇ. ........ 27



www.sikhbookclub.com

ਤਾਘੀ ਦਿਲ. ........ 28
ਇਕ ਸਾਧਕ ਦੇ ਦਿਲ-ਅਰਮਾਨ. ........ 28
ਕੰਡੀ ਤੇ ਹੱਥ ਫੇਰ. ........ 29
ਤੈਂ ਮਿਹਰਾਂ ਦੇ ਤਕੀਏ. ........ 29
ਉਹ ਥਾਂ ਕਿੱਥੇ? ........ 30
ਦਿਲ ਤੁਲਨਾ. ........ 30
ਦੇਹ ਨਾ ਮਿਲੇ ਸੀ ਰੱਜ. ........ 31
ਮੇਲ ਖੇਲ. ........ 32
ਕੋਈ ਮੰਤਰ ਕੈਸਾ ਪੁੱਗੇ. ........ 33
ਨੱਸ ਗਿਓਂ. ........ 33
ਸਹੀ ਸੁਹਾਗਣ. ........ 34
ਛੁਹ ਮਹਿਬੂਬੀ. ........ 34
ਸਚਖੰਡ ਸ੍ਰੀ ਹਾਜ਼ੂਰ ਸਾਹਿਬ. ........ 35
ਸ੍ਰੀ ਹਜ਼ੂਰ ਸਾਹਿਬ 'ਰਸ-ਯਾਦ'. ........ 36
ਯਾਦ ਸਜਨ. ........ 36
ਜੁਦਾਈ. ........ 37
ਪੁਕਾਰ. ........ 37
ਮੰਗਤ ਮੰਗ. ........ 38
ਲਾਲਨ ਦੀ ਦਸਤਾਰ. ........ 39
ਝਲਕ ਤਾਂਘ. ........ 41
ਲੱਗੀ ਨਿਭੇ. ........ 41
ਪਾਰਸ-ਛੁਹ ........ 42
ਸੁਰ-ਮੇਲ. ........ 42
ਤੇਰੀ ਛੁਹ. ........ 43
ਦੇਸ ਪਰਦੇਸ. ........ 43
ਰੂਪ. ........ 43
ਰਮਜ਼ ਦਏ ਪਰ ਰਾਜ਼ ਨਾ. ........ 44
ਗੈਬ ਦੀ ਆਵਾਜ਼. ........ 45
ਕਤਰਾ. ........ 46
ਅਸਲ ਸੁਖੀ ਜੀਵਨ. ........ 48
ਤੁਸੀਂ ਨ ਵਿਸਾਰੋ. ........ 48
ਬਿਰਹੇ-
ਗ਼ਮ. ........ 51
ਤੜਫ ਅਮੁੱਕਵੀਂ. ........ 51


www.sikhbookclub.com

ਵਾਜਾਂ ਮਾਰਨ. ........ 52
ਸਮੇਂ ਦੀ ਅਸਮੱਥਤਾ. ........ 52
ਕੂਕ. ........ 53
ਐਵੇਂ ਭਰ ਭਰ ਡੁਲ੍ਹ ਰਹੇ. ........ 53
ਰਹਿ ਚੁਕੇ. ........ 53
ਗਏ ਨੈਣ ਨਾਂ ਮੁੜੇ. ........ 54
ਧੋਤਾ ਦਿਲ ਗੁਣ-ਹਾਰ ਪਰੋਂਦਾ. ........ 54
ਚੁਪਾਤੇ. ........ 55
ਬਿਨ ਮਾਂਵਾਂ. ........ 55
ਮਾਂ ਦੀਆਂ ਮੋਹ ਤਲਾਵਾਂ. ........ 56
ਤੂੰ ਧੋਵੇਂ ਅਸੀਂ ਭਰੀਏ. ........ 56
ਵਿਛੋੜਾ. ........ 57
ਵੈਰਾਗ ਅੱਥਰੂ. ........ 57
ਲੁਕ ਕਿਉਂ ਬਹਿਨੈਂ? ........ 58
ਬਿਰਹਨੀ ਬੱਦਲ ਨੂੰ. ........ 58
ਪ੍ਰੇਮ ਦੀ ਹੱਟੀ. ........ 59
ਦੁੱਖ ਵਿਚ ਸੁਆਦ. ........ 59
ਉਮਰ ਵਿਛੋੜਾ. ........ 60
ਅਰਸ਼ੀ ਸਾਥੀ ਡੁੱਲ. ........ 60
ਪਜਾਰ ਨਿਸ਼ਾਨੀ. ........ 61
ਵਿਛੜੇ ਦੀ ਯਾਦ. ........ 61
ਵਿਦਾਇਗੀ. ........ 62
ਯਾਦ ਤੇਰੀ. ........ 62
ਬਿਹਬਲ ਬਿਰਹਨੀ ਤੇ ਕੋਇਲ. ........ 63
ਕਿੱਥੇ ਗਏ !. ........ 65
ਜੋਦੜੀਆਂ- (ਛੰਦ ਮੁਕਤ)
ਤੁਹਾਡੀ ਸੁਗੰਧੀ. ........ 69
ਆ ਮਿਲੋ ਮੈਨੂੰ !. ........ 70
ਅਰਦਾਸ. ........ 71
ਮਿੱਠੀਆਂ ਉਡੀਕਾਂ. ........ 84
ਬੁਸ਼ਾਰਤ (ਖ਼ੁਸ਼ਖ਼ਬਰੀ). ........ 93
ਮੇਰੀ ਰਸਨਾ !. ........ 94
ਇਕ ਪ੍ਰਸ਼ਨ. ........ 95
ਆਤਮ ਸੁਤੰਤਰਤਾ. ........ 97


www.sikhbookclub.com

# ਸਿੱਕਾਂ ਸੱਧਰਾਂ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

## ਸੁਹਣੇ ਤੇ ਮਿੱਠੇ ਮਾਹੀ !

ਤੁਸੀਂ ਸੋਹਣੇ ਤੁਸੀਂ ਸੁਹਣੇ ਸੁਣੀਏ,
ਪਰ ਬਿਨ ਚਾਨਣ ਕਿੰਞ ਤਕੀਏ ?
ਤੁਸੀਂ ਚਾਨਣ ਤੁਸੀਂ ਚਾਨਣ ਸੁਣੀਏਂ,
ਪਰ ਬਿਨ ਅੱਖੀਂ ਕਿੰਞ ਲਖੀਏ ?
ਤੁਸੀਂ ਕੋਲੇ ਤੁਸੀਂ ਕੋਲੇ ਸੁਣੀਏਂ,
ਸਾਡਾ ਦਿਲ ਵਿੱਥਾਂ ਦਾ ਘੜਿਆ,
ਤੁਸੀਂ ਦੱਸੋ, ਮੈਂਡੇ ਮਿੱਠੇ ਮਾਹੀ !
ਕਿੰਞ ਗਲ ਲਗ ਤੁਸਾਂ ਰਸ ਚਖੀਏ?

– ੦ –

## ਹਜ਼ੂਰੇ

ਅਸੀਂ ਤੁਸਾਂ ਬਿਨ ਊਰੇ ਊਰੇ,
ਤੁਸੀਂ ਅਸਾਂ ਬਿਨ ਪੂਰੇ;
ਊਰਿਆਂ ਨੂੰ ਰਖ ਚਰਨ ਸ਼ਰਨ ਖਿੱਚ,
ਸਦਾ ਸ਼ਰਨ ਦੇ ਸੂਰੇ !
ਛਾਂਉਂ ਦਿਓ, ਕਿ ਨਦਰ ਕਰੋ,
ਕਿ ਅੰਕੇ ਅੰਕ ਸਮਾਓ,
ਕੋਈ ਮਿਹਰ ਕਰੋ ਚਾ, ਦਾਤੇ !
ਰਖੀਓ ਸਦਾ ਹਜ਼ੂਰੇ !

– ੦ –


www.sikhbookclub.com

## ਬਾਲ ਦੀ ਗਲ-ਚੰਬੜ

'ਗਲ-ਚੰਬੜ' ਅਪਣੀ ਇਕ ਦੇ ਦੇ
  ਹੋਰ ਨ ਦੱਸ ਖਿਡੌਣੇ,
ਉਛਲਣ ਨੈਣ ਨਿਆਣੇ ਮੇਰੇ
  ਤੱਕ ਤੈਂ ਨੈਣ ਸਲੋਣੇ,
'ਗੋਦ-ਸੁਆਦ' 'ਅੰਮ੍ਰਿਤ-ਰਸ' ਮਾਣਨ,
  ਹੋਸ਼ ਵਧੇ ਨਾ ਇਸ ਤੋਂ,
'ਹੋਸ਼ ਖ਼ੈਰ' ਪਾ 'ਹੋਸ਼-ਮੰਗਤਿਆਂ'
  ਬਾਲਾਂ ਮੂੰਹ ਦੁਧ-ਚੋਣੇ !

– o –

## ਗਲ ਲਾ ਲੈ

ਲਗ ਲਈ ਲਗਨ ਅਲਗਦੀ ਨਾਂਹੀਂ
  ਪਲ ਤ੍ਰਿੱਖੀ, ਪਲ ਪਤਲੀ,
ਬਾਲਕ ਵਾਙੀ ਬਾਂਹ ਉਲਾਰੇ
  ਬੋਲੀ ਬੋਲੇ ਘਤਲੀ–
ਗਲ ਲਾ ਲੈ, ਗਲ ਲਾ ਲੈ, ਲਾ ਲੈ
  ਤਾਣ ਨਹੀਂ ਮੈਂ ਬਾਂਹੀ,
ਗਲ ਲਾ ਲੈ, ਗਲ ਲਾ ਲੈ ਆਪੇ,
  ਬੋਲੀ ਬੋਲੇ ਥਥਲੀ।

– o –

## ਦੇਵ ਸੇਵ

ਅਹੋ ਹੇ ਦੇਵ ! ਦੇਵਾਂ ਦੇਵ !
ਹੇ ਦੇਵਾਂ ਤੂੰ ਉੱਚੇ ਦੇਵ !
ਅਹੋ ਨੀਵਿਆਂ ਦੇ ਮਨ ਵਸਦੇ !
ਹੇ ਸੁੰਦਰ ਪਰਕਾਸ਼ ਅਮੇਵ !
ਖੇਲ ਰਹੇ ਪਜਾਰਾਂ ਦੇ ਮੰਡਲ
ਰਸ ਲੈਂਦੇ ਰਸ ਦੇਂਦੇ ਆਪ,
'ਰਾਸ ਮੰਡਲ' ਇਸ ਅਪਣੇ, ਸਾਂਈਆਂ !
ਖਿਚ ਰੱਖੋ ਲਾ ਅਪਣੀ ਸੇਵ।

- o -

## ਨਾਮ ਤੇਰੇ ਦੀ ਪੇਉਂਦ

ਨਾਮ ਤੇਰੇ ਦੀ ਪੇਵੰਦ ਸਾਂਈਆਂ।
(ਅਸਾਂ) ਮਨ ਕਾਠੇ ਤੇ ਲਾਈ,
ਪੱਤੀ, ਡਾਲੀ, ਕਾਠੀ ਸਾਰੀ
ਚੁਣ ਚੁਣ ਕੱਟ ਸਿਟਾਈ,
ਐਪਰ ਫੋਟ ਕਾਠ ਦੀ, ਸਾਂਈਆਂ !
ਫਿਰ ਫਿਰ ਫੁਟ ਫੁਟ ਆਵੇ,
ਬਾਝ ਮਿਹਰਾਮਤ ਤੇਰੀ ਸਾਂਈਆਂ !
(ਸਾਡੀ) ਪੇਉਂਦ ਮਿਲਦੀ ਨਾਹੀਂ।

- o -

 www.sikhbookclub.com

## ਯਾਦ ਰਉਂ

ਅੱਜ ਕਿਹਾ ਮੈਨੂੰ ਤੜਕੇ ਤੜਕੇ,
ਉਸ ਦਾਤੇ ਜ਼ੁਲਫਾਂ ਵਾਲੇ :-
''ਯਾਦ ਸਜਨ ਨੂੰ ਪਾ 'ਦਿਲ-ਜੱਫਾ'
ਜੋ ਸੱਜਣ ਕਦੇ ਸੰਭਾਲੇ।
''ਹੋਰ ਵਹਿਣ ਜੋ ਲੱਖਾਂ ਵਗਦੇ
ਹਈ ਮੂੰਹ ਸਿਰ ਤਿਨ੍ਹਾਂ ਨ ਕੋਈ,
''ਪਰ ਇਹ ਰਉਂ ਯਾਦ ਦਾ ਵਹਿੰਦਾ
'ਦਿਲ' ਤੋਂ 'ਦਿਲਦਾਰ' ਵਿਚਾਲੇ।''

– o –

## ਰੁਣ ਝੁਣ

ਉਠਦੀ ਬਹਿੰਦੀ ਵਾਜਾਂ ਮਾਰਾਂ,
ਅੱਕ ਗਏ ਹੋਸੋ ਸੁਣ ਸੁਣ !
ਮਿਲੋ ਨ ਦਿੱਸੋ, 'ਨਾਮ' ਤੇਰੇ ਦੀ
ਲਗੀ ਰਹੇ ਪਰ ਰੁਣ ਝੁਣ;
ਜੀਆਂ ਆਸਰੇ ਰੁਣ ਝੁਣ ਦੇ ਮੈਂ,
ਤੁਸੀਂ ਕਰੋ ਚਹਿ ਅਣਸੁਣ,
ਵਾਜਾਂ ਮਾਰ ਮਾਰ ਨਾ ਥੱਕਾਂ,
ਤੁਰੀ ਰਹੇ ਮੇਰੀ 'ਰੁਣ ਰੁਣ'।

– o –

## ਪ੍ਰੇਮ

ਰੂਹ ਮੇਰੀ ਵਿਚ ਵਸਨੈਂ ਪ੍ਰੀਤਮ !
ਤਕਨੈਂ ਤਕਨ ਨ ਦੇਨੈਂ,
ਮਾਰ ਤਣੁੱਕੇ ਖਿੱਚ ਪਵਾਨੈਂ
ਦਰਸ਼ਨ-ਸਿੱਕ ਵਧੇਨੈਂ।
ਸਿੱਕ ਵਧੇਨੈਂ ਮਿਲਨੈਂ ਨਾਂਹੀਂ
ਤੜਫਨ ਤਕ ਖੁਸ਼ ਹੋਨੈਂ
ਇਸਨੂੰ ਪ੍ਰੇਮ ਆਖਨੈਂ ਪ੍ਰੀਤਮ !
ਦਿਲ ਕੁਠਿਆਂ ਨੂੰ ਦੇਨੈਂ ?

- o -

## ਮਿਹਰ ਦੀ ਛਾਉਂ

ਤੁਸਾਂ ਪ੍ਰੇਮ ਦੀ ਆਨ ਝਰਨਾਟ ਛੇੜੀ,
ਸਾਡੀਆਂ ਪਜਾਰ ਤਰਬਾਂ ਸਭ ਬੋਲ ਪਈਆਂ।
ਜਿਵੇਂ ਕਿਰਨਾਂ ਨੇ ਝਿਲਮਿਲੀ ਨਾਚ ਪਾਇਆ,
ਸੁੱਤੇ ਕਮਲਾਂ ਨੇ ਅੱਖੀਆਂ ਖੋਲ੍ਹ ਲਈਆਂ।
ਬੱਦਲ ਗਰਜਿਆ ਆਨ ਅਸਮਾਨ ਉੱਤੇ,
ਨਾਚ ਮੋਰਾਂ ਦੇ ਪੈਰਾਂ ਵਿਚ ਜਾਗਿਆ ਏ,
ਛਾਉਂ ਮਿਹਰਾਂ ਦੀ ਤੁਸਾਂ ਦੀ ਪਈ ਜਿੱਥੇ,
ਡੋਲਣਹਾਰ ਖੜੀਆਂ, ਖੜੀਆਂ ਡੋਲ ਪਈਆਂ।

- o -


www.sikhbookclub.com

## ਭੁੱਖ ਅਗੰਮੀ

ਅਲਖ ਅਗੰਮ ਨੂੰ 'ਅਲਭ' ਆਖ ਕੇ
ਕਿਉਂ ਤੂੰ ਅਸਾਂ ਡਰਾਵੇਂ ?
ਭੁੱਖ ਅਗੰਮੀ ਜੋ ਦਿਲ ਸਾਡੇ
ਕਿਵੇਂ ਜੁ ਨਾਂ ਤ੍ਰਿਪਤਾਵੇ,
ਖਿੱਚ ਉਤਾਹਾਂ ਦੀ ਸਿਰ ਸਾਡੇ
ਨਿਤ ਉੱਪਰ ਨੂੰ ਧੂਹੇ,
ਏਸ ਰਮਜ਼ ਵਿਚ ਕੀ ਉਹ ਸੁਹਣਾ
ਪਿਆ ਨ ਆਪ ਲਖਾਵੇ ?

- o -

## ਸਦੈਵੀ ਛਿਨ

ਬੀਤ ਰਹੀ, ਹੁਣ ਬੀਤ ਚਲੀ ਹੈ,
ਬੀਤ ਜਾਇਗੀ ਇਕ ਦਿਨ।
ਛਿਨ ਛਿਨ ਯਾਦ ਪਕੇ ਲਿਵ ਬਣ ਜਏ,
ਬਣੇ ਸਦੈਵੀ ਇਹ ਛਿਨ।
ਤਰਲੇ ਲਏ ਬਤੇਰੇ, ਸ਼ਹੁ ਜੀ !
ਭੁੱਲ ਝਾਤੀਆਂ ਮਾਰੇ,
ਸ਼ਾਲਾ, ਸ਼ਰਨ ਲਾਜ ਹੁਣ ਪਾਲੋ,
ਸਮਰਥ ਕੋਇ ਨ ਤੁਝ ਬਿਨ।

- o -


www.sikhbookclub.com

## ਰਹੀਏ ਬਾਂਹਾਂ ਉਲਾਰ

ਕਿਉਂ ਟਕਰਾਵੇਂ ਸਾਗਰ ਲਹਿਰੇ !
ਸਿਰ ਕੰਢੇ ਨੂੰ ਮਾਰ?
ਕੀ ਲੈਣਾ ਹਈ ਇਸ਼ ਤੇ ਚੜ੍ਹਕੇ?
ਮੈਲਾ ਇਹ ਸੰਸਾਰ।

... ... ...

ਸਖੀਏ ਨੀ ! ਤੂੰ ਰਹੀਂ ਆਪ ਵਿਚ
ਮਿਲੀਂ ਨਿੰਮ੍ਰਤਾ ਧਾਰ,
ਦਰਸ ਪਜਾਸ ਵਿਚ ਰਹੀਂ ਤੜਫਦੀ
ਬਾਹਾਂ ਰੱਖ ਉਲਾਰ।
ਸੱਦ ਬੁਲਾਣਾਂ ਜਾਂ ਖ਼ੁਦ ਆਣਾ
ਦੇਣਾ ਜਾਂ ਦੀਦਾਰ,
ਇਹ ਹੈ ਮੌਜ ਓਸਦੀ, ਸੁਣ ਤੂੰ,
ਹੋਰ ਨਹੀਂ ਹਕਦਾਰ;
ਪਰ ਮਿਲਣੇ ਨੂੰ, ਸੁਣ ਨੀ ਸਖੀਏ !
ਰਹੀਏ ਬਾਂਹਾਂ ਉਲਾਰ;
ਰਹੀਏ ਬਾਹਾਂ ਪਸਾਰ ਨੀ ਸਖੀਏ !
ਰਹੀਏ ਬਾਂਹਾਂ ਉਲਾਰ ।

– o –


www.sikhbookclub.com

## ਦਗ ਦਗ ਅੰਦਰੋਂ

ਵਿੱਚ ਹੁਲਾਰਿਆਂ ਰਹੀਂ ਅੰਦਰੋਂ,
    ਜਿਉਂ ਜੁਆਲਾ-ਮੁਖਿ ਰਹਿੰਦਾ,
ਪਰ ਨਾ ਸ਼ੁਅਲਾ ਬਾਹਰ ਨਿਕਲੇ,
    ਅੰਦ੍ਰੇ ਜਰਦਾ ਸਹਿੰਦਾ।
ਉਬਲਣ ਬੁਝਣ ਦੂਏ ਨਹੀਂ ਕਰਨੇ,
    ਰੰਗ ਰਤਾ, ਰਸ ਮੱਤਾ,
ਦਗ ਦਗ, ਲੁਸ ਲੁਸ ਕਰਦਾ, ਜੀਉਂਦਾ,
    ਮੂੰਹੋਂ ਕੁੱਝ ਨ ਕਹਿੰਦਾ।

- o -

## ਯਾਦ ਮੌਲਾ ਦੀ

(ਅਸੀਸ)

ਯਾਦ ਮੌਲਾ ਦੀ ਹੈ ਸੁਰਮਾਂ,
    ਨਜ਼ਰ ਨੂੰ ਨੂਰੀ ਕਰੇ,
ਮਹਿਵ ਕਰਦੀ ਆਪ ਵਿਚ,
    ਜਜੋਂ ਮਿਰਗ ਕਸਤੂਰੀ ਕਰੇ।
ਹਾਸਲ ਹਜ਼ੂਰੀ ਏ ਕਰੇ,
    ਤੇ ਦੂਰ ਇਹ ਦੂਰੀ ਕਰੇ।
'ਹੋਇ ਵਾਫਰ* ਇਹ ਤੁਸਾਂ ਤੇਂ,
    ਅਰਜ਼ ਰਬ ਪੂਰੀ ਕਰੇ।

- o -

---

* ਵੱਧ ਤੋਂ ਵੱਧ ਤੁਸਾਂ ਨੂੰ ਮਿਲੇ।


www.sikhbookclub.com

## ਛੋਪਲੇ ਆਓ ਨਾ !

ਹੇ ਛੁਪ ਰਹੇ ਅਛੁਪਵੇਂ ਪਰਦੀਂ !
ਕਦੇ ਛੋਪਲੇ ਆਓ ਨਾ !
'ਕੌਣ ਆਯਾ?' ਹਥ ਅੱਖੀਂ ਧਰਕੇ,
ਪੁਛਣਾ ਏਹ ਪੁਛਾਓ ਨਾ !
ਛੁਹ ਆਪਣੀ ਦੀ ਸਜਾਣ ਬਖਸ਼ਕੇ,
ਉੱਤਰ ਮੂੰਹੋਂ ਕਢਾਓ ਨਾ :-
'ਆਪ ਤੁਸੀਂ ਹੋ, ਆਪ ਤੁਸੀਂ ਹੋ,
'ਹੁਣ ਆਏ ਪਿਯ ਜਾਓ ਨਾ !'

– o –

## ਹੋ ਜਾ !

ਸਾਰੀ ਹੋ ਜਾ ਕੰਨ,
ਮਿਲਣ ਕਿਸੇ ਦੇ ਆਇਆਂ,
ਰਸਨਾ ਸਾਰੀ ਹੋਹੁ,
ਸੁਹਣੇ ਨਾਦ ਵਜਾਇਆਂ;
ਹੋ ਜਾ ਸਾਰੀ ਗੰਧਿ,
ਆਪੇ ਮੁਸ਼ਕ ਮਚਾਇਆਂ;
ਸਾਰੀ ਹੋ ਜਾ ਨੈਣ,
ਸ਼ਹੁ ਦੇ ਦਰਸ ਦਿਖਾਇਆਂ।

– o –


www.sikhbookclub.com

# ਚਿਣੰਗ ਦਰਸ

ਹਰ ਹਰ ਦੇ ਵਿਚ ਵਸਨੈ ਪ੍ਰੀਤਮ !
ਗਜਾਨੀ ਪਿਆ ਸੁਣਾਂਦਾ।
ਜੋਗੀ ਕਹੇ: 'ਧਜਾਨ ਵਿਚ ਆਂਦਾ।
ਆ ਕੇ ਰੂਪ ਜਮਾਂਦਾ।'
ਭਗਤੀਆ ਕਹੇ: 'ਭਗਤ ਵਿਚ ਮੇਰੀ,
ਦਰਸ਼ਨ ਆਣ ਦਿਖਾਂਦਾ।'
ਤ੍ਰੈ ਗੁਣ ਹੀਨੀ ਕੰਨਜਾ ਵਿਲਪੇ,
ਚਿਣੰਗ-ਦਰਸ ਜਿਸ ਛੁਹ ਗਈ,
ਇਸ ਅਬਲਾ ਤੇ, ਸੁਣੀ ਸੁਹਣਿਆਂ !
ਤਰਸ ਤੁਧੇ ਬਣ ਆਂਦਾ।

– o –

# ਪ੍ਰੇਮ-ਖਿੱਚ ਦਾ ਨੇਮ

ਪਿਆਂ ਵਿੱਥ ਤੇ ਘਟੇ ਹੈ
ਨਿਯਮ 'ਖਿੱਚ' ਦਾ ਏਹੁ,
ਐਪਰ ਖਿੱਚ ਜੁ ਪ੍ਰੇਮ ਦੀ
ਵਿੱਥੇ ਪਿਆਂ ਵਧੇਹ।

– o –


www.sikhbookclub.com

## ਤੇਰੀ ਖਿੱਚ

ਇਹ ਜੋ ਲਗਨ ਲਗੀ ਹੈ ਦਿਲ ਨੂੰ,
ਲਈ ਤੁਧੇ ਵਲ ਜਾਏ,
ਇਹ ਕੋਈ ਜਾਦੂ ਤੂੰਹੀ ਘੱਤਿਆ,
ਤੈਨੂੰ ਪਿਆ ਲਖਾਏ।
ਜਾਦੂ ਘੱਤ ਰਹੇਂ ਚਹਿ ਦੂਰੇ,
ਪਰ ਜਿਉਂ ਦੂਰੋਂ ਸੂਰਜ
ਖਿਚ ਲਾ ਲਹਿਰ ਉਛਾਲੇ ਲਜਾਵੇ,
ਤਿਉਂ ਤੂੰ ਸੁਰਤ ਉਛਲਾਏਂ !

- o -

## ਭਰ ਲਈਂ ਕਲਾਵੇ !

ਉਛਲੇ ਲਹਿਰ ਛਲੰਗੀ ਸਾਗਰ,
ਤੈਂ ਗਲ ਲੱਗਣ ਧਾਵੇ।
ਉਛਲ ਉਛਲ ਡਿਗ, ਡਿਗ ਡਿਗ ਉਛਲੇ,
ਹਟ ਹਟ ਫਿਰ ਉਛਲਾਵੇ।
ਤਿਉਂ ਅਣਦਿਸਦੇ ਪ੍ਰੀਤਮ ਮੇਰੇ !
ਉਛਲ ਉਛਲ ਰਹਿ ਜਾਵਾਂ,
ਲਗਨ ਲਗੀ ਪਰ ਜਾਚ ਨ ਆਵੇ,
ਕਿੰਵ ਭਰ ਲਈਂ ਕਲਾਵੇ !

- o -


www.sikhbookclub.com

## ਮਿਲ ਪਉ

"ਮਿਲ ਪਉ ਮਿਲ ਪਉ" 'ਸੱਦ' ਸੁਹਾਵੀ,
ਸਾਗਰ ਦੀ ਪਈ ਆਵੇ,
ਜਦ ਤੋਂ ਬਣਿਆ ਤਦ ਤੋਂ ਕੂਕੇ,
'ਮਿਲ ਪਉ' ਰਾਗ ਅਲਾਵੇ,
ਨਾ ਇਹ ਅਕਿਆ, ਨਾ ਇਹ ਥਕਿਆ,
'ਤਾਂਘ-ਲਹਿਰ' ਨਹੀਂ ਹਾਰੀ,
'ਮਿਲ ਪਉ ਮਿਲ ਪਉ' ਸੱਦ ਏਸ ਦੀ,
'ਮਿਲ ਪਉ' ਦੀ ਛੁਹ ਲਾਵੇ।

- o -

## ਲੇਖ ਮਿਟਾਉਣੀ ਜੁਗਤਿ

ਲਿਖਿਆ ਮੇਟ ਨ ਕੋ ਸਕੇ
ਇਹ ਗਲ ਹੈ ਤਹਿਕੀਕ*
ਲਿਖਣੇ ਹਾਰੀ ਕਲਮ ਪਰ
ਵਾਹ ਸਕਦੀ ਹੈ ਲੀਕ।
ਕਲਮ ਜਿਦ੍ਹੇ ਇਹ ਹੱਥ ਹੈ
ਚੁੰਮ ਹਥ ਦਿਨ ਤੇ ਰਾਤ
ਚੀਚ-ਗਲੋਲੇ ਜਾਣ ਬਣ
ਹਰਫ਼ ਲਿਖੀਂਦੇ ਠੀਕ।

- o -

---

*. ਸੱਚੀ;

## ਨਾਮ ਰੂਪ

'ਨਾਮ ਰੂਪ' ਤੋਂ ਪਰੇ ਵਸੇਨੈਂ !
ਮੈਂ ਵੱਸਾਂ ਵਿੱਚ 'ਰੂਪ' ਅਰੁ 'ਨਾਮ',
ਤੇਰਾ ਬੀ ਪਰ 'ਨਾਮ' ਸੁਣਜਾਂ ਮੈਂ,
ਪਕੜ ਲਿਆ ਮੈਂ ਤੇਰਾ ਨਾਮ,
ਰੂਪ ਨਾਮ ਹੁਣ ਮੇਰਾ ਖੋਹ ਲੈ,
ਹੋਕੇ ਫਿਰ ਮੈਂ ਅਰੂਪ ਅਨਾਮ,
ਇਕ ਦੇਸੀ ਹੋ ਲਭ ਲਾਂ ਤੈਨੂੰ,
ਤੈਂ ਸਰੂਪ ਵਿਚ ਕਰਾਂ ਅਰਾਮ।

– o –

## ਪਜਾਰ ਨਕਸ਼

ਯਾਦ ਤੇਰੀ ਦਿਆਂ ਨਕਸ਼ਾਂ ਉੱਤੇ
ਸਮੇਂ ਭੁਲੇਵੇ ਪਾਏ,
ਨਕਸ਼ ਲੁਕਾਵਣਹਾਰ ਸਮੇਂ ਨੇ
ਮਾਨੋਂ ਨਕਸ਼ ਮਿਟਾਏ,
ਪਜਾਰ-ਨਕਸ਼ ਪਰ ਪ੍ਰੇਮ-ਰਾਜ ਨੇ
ਜੋ ਡੂੰਘੇ ਥਾਂ ਵਾਹੇ,
ਫੁਟ ਫੁਟ ਉਮਲ ਉਮਲ ਲਸ ਆਵਨ
ਜ਼ੋਰ ਸਮਾ ਨਿਫਲਾਏ।

– o –

# ਅਨੰਤ ਲਗਨ

ਜਿਉਂ 'ਅਨੰਤ' ਤੂੰ ਆਪ ਸੁਹਣਿਆਂ !
ਤਿਉਂ ਤੁਧ 'ਛਪਨ' ਅਨੰਤ।
ਕਰ ਦੇਹ ਤਿਵੇਂ ਸੁਹਣਿਆਂ !
ਮੇਰੀ 'ਦਰਸ਼ਨ-ਲਗਨ' ਅਨੰਤ !
ਆਖਣ : 'ਦਰਸ਼ਨ ਦਏ ਜਿ ਸੁਹਣਾ
ਆ ਜਾਊ ਵਿਚ ਅੰਤ,
'ਦਰਸ਼ਨ ਤਾਂਘ ਨਾਲ ਹੀ ਤੇਰੀ
ਰੱਜ ਹੋ ਜਾਊ ਅੰਤ।
'ਲਗਨ ਅਨੰਤ ਜੇ ਹੋ ਗਈ ਤੇਰੀ
ਤੂੰ ਹੋ ਗਿਓਂ ਅਨੰਤ,
'ਹੋ ਅਨੰਤ ਫਿਰ ਮਿਲ ਪਏਂ ਭਾਵੇਂ
ਉਸ ਅਨੰਤ ਨੂੰ ਅੰਤ'।

- o -


www.sikhbookclub.com

## ਸ਼ੁਕਰ

ਸ਼ੱਕਰ ਵਾਂਙੂ ਸ਼ੁਕਰ ਮਿੱਠੜਾ,
ਪਰ ਕਰਨੋਂ ਕਿਉਂ ਝਕੀਏ।
ਦਾਤ ਅਮਿੱਤੀ ਦੇ ਹੇ ਦਾਤਾ !
ਮਿਹਰ ਕਿਵੇਂ ਲਖ ਸਕੀਏ ?
ਜਿੱਥੇ ਲੱਖ ਕਰੋੜਾਂ ਮਿਹਰਾਂ,
ਹੁਣ ਇਕ ਹੋਰ ਕਰਾਓ :
ਥਕਦੇ ਤੁਸੀਂ ਨ ਦੇਂਦੇ ਜਿਉਂ ਹੋ,
ਕਰਦੇ ਸ਼ੁਕਰ ਨ ਥਕੀਏ।

- o -

## ਖੇੜੇ ਦੇ ਝੋਲ

ਯਾਦ ਸਜਨ ਦੀ ਖੰਭ ਹੋ ਗਈ,
ਲੈ ਉਡਦੀ ਪਿਯ-ਦੇਸੀਂ,
ਪਰਛਾਵੇਂ ਪਿਯ ਰਤੀਆਂ ਵਾਲੇ,
ਪੈਂਦੇ ਵੇਸ ਸੁਵੇਸੀਂ।
ਕਦੇ ਮਿਲੇ ਛੁਹ ਛਾਉਂ ਪਿਯਾ ਦੀ,
ਪਿਯ-ਰਸ ਪਿਯ-ਰੰਗ ਲਾਵੇ,
ਖੇੜੇ ਦੇ ਭਰ ਝੋਲ ਲਿਆਈਏ
ਮੁੜੀਏ ਜਦ ਨਿਜ ਦੇਸੀਂ।

- o -

## ਕੰਡਾ

ਕੰਡੇ ਅਸੀਂ ਸਾਂ ਸਭਸ ਨੂੰ ਚੁਭਣ ਵਾਲੇ,
ਦਾਮਨ ਛੁਹ ਗਿਆ ਤੁਸਾਂ ਦਾ ਪਜਾਰ ਵਾਲਾ,
ਉੱਡ ਚੰਬੜੇ ਅਸੀਂ ਸਾਂ ਦਾਮਨਾਂ ਨੂੰ,
ਸਾਨੂੰ ਲਭ ਪਜਾ ਥੰਮ੍ਹ ਅਧਾਰ ਵਾਲਾ;
ਲੋਕੀਂ ਆਖਦੇ ਤੁਸਾਂ ਨੂੰ: 'ਛਡ ਦਾਮਨ,
'ਕਰ ਦੂਰ ਕੰਡਾ ਚੁਭਣਹਾਰ ਹੈ ਏ',
ਐਪਰ ਤੁਸਾਂ ਨਾ ਅਸਾਂ ਨੂੰ ਛੰਡਿਆ ਏ,
ਬਿਰਦ ਤੁਸਾਂ ਦਾ ਰਹਿਮਤ ਅਪਾਰ ਵਾਲਾ।

– o –

## ਨਿਤਾਣੇ ਦਾ ਪਿਆਰ

ਅਸਾਂ ਲਾਈਆਂ, ਤੁਸਾਂ ਤੋੜ ਨਿਬਾਹੀਆਂ,
ਜਿਉਂ ਗਲ ਲਗੀਆਂ ਬਾਹੀਂ;
ਸ਼ਰਮ ਅਸਾਡੀ ਗਲ ਪਈ ਤੁਸਾਡੇ,
ਗਲ ਲਗਾੜੀ ਤੁਸਾਂ ਨ ਤ੍ਰਾਹੀ,
ਪਿਆਰ ਨਿਤਾਣੇ ਦਾ 'ਗਲ-ਚੰਬੜ'
ਜਿਉਂ ਵੇਲ ਚੰਬੜੇ ਬੂਟੇ,
ਤੁਸੀਂ ਅਡੋਲ, ਤੁਸੀਂ ਪਜਾਰਾਂ ਵਾਲੇ,
ਤੁਸਾਂ ਜੇਹੀ ਤੁਸਾਂ ਨਿਬਾਹੀ।

– o –


www.sikhbookclub.com

## ਪਾ ਗਏ ਝਾਤ

ਸਿੱਕਾਂ ਸੱਧਰਾਂ ਭਰ ਦਿਲ ਅੰਦਰ
ਅੱਖੀਆਂ ਵਿੱਚ ਬਿਤਾਈ ਰਾਤ।
'ਅਹੁ ਆਏ' 'ਅਹੁ ਆਏ' ਲਖਦਿਆਂ,
ਤ੍ਰਬ੍ਰਕ ਤ੍ਰਬ੍ਰਕ ਹੋਈ ਪਰਭਾਤ।
ਤਾਂਘਾਂ ਨੇ ਕੁਈ ਪਰ ਲਾ ਦਿੱਤੇ ?
ਕੈ ਆਏ ਹੁਣ ਆਪੇ ਆਪ ?
ਤੁਸੀਂ ਆਏ ਕਿ ਮੈਂ ਉੱਡ ਮਿਲੀਆਂ ?
ਐਉਂ ਜਾਪੇ ਜਿਉਂ ਪਾ ਗਏ ਝਾਤ।

– o –

## ਅਪਣੇ

ਓਪਰੇ ਤਕ ਤਕ ਨਜ਼ਰ ਪੱਕ ਗਈ–
'ਓਪਰੇ' ਮਿਲਦੇ ਸਾਰੇ,
ਅੱਜ ਅਚਾਨਕ 'ਅਪਣੇ' ਦਿੱਸੇ,
ਨੈਣ ਸਿਆਣੋਂ ਹਾਰੇ।
ਤੱਕੀ ਜਾਂ ਮੈਂ ਪਰਤ ਪਿਛਾਂਹਾਂ,
ਮੁਸਕ੍ਰਾਹਟ ਵਿਚ ਭਿੰਨੇ
ਦਿਸ ਪਏ ਦਾਤਾਂ ਦੇਵਣਹਾਰੇ,
ਅਪਣੇ ਦੇਣ ਦੀਦਾਰੇ।

– o –

## ਤਾਂਘੀ ਦਿਲ

ਦਿਲ ਆਖੇ: ਅਰਦਾਸ ਨ ਕਰ ਤੂੰ,
ਆਸ ਵਿਚ ਹੀ ਜੀਆ ਕਰ,
'ਤਾਂਘ-ਦਰਸ' ਪਰ ਕਾਹਲੀ ਹੋ ਕੇ,
ਸੈ ਅਸਮਾਨੀਂ ਜਾਂਦੀ ਤਰ।
'ਅਰੂਪ-ਦੇਖਣੇ ਨੈਣ' ਜਿ ਦਾਤਾ !
ਕਰ ਦੇ ਤ੍ਰੁਠ ਕੇ ਆਪੇ ਦਾਤ,
ਝਲਕਾ ਰੂਪ ਅਨੂਪਮ ਲੈ ਕੇ,
ਦਿਲ ਤਾਂਘੀ ਏ ਜਾਵੇ ਠਰ।

- o -

## ਇਕ ਸਾਧਕ ਦੇ ਦਿਲ-ਅਰਮਾਨ

ਪਹਿਲੀ ਰਾਤ ਸੁੱਤਿਆਂ ਬੀਤੀ,
ਵਿਚਲੀ ਜਾਗੋ-ਮੀਟੇ,
ਪਿਛਲੀ ਜਾਗਾ ਜਗੀਦਿਆਂ ਬੀਤੀ,
ਰਹਿੰਦਿਆਂ ਵਿੱਚ ਉਡੀਕੇ;
ਖੰਭ ਨ ਸਾਨੂੰ, ਆਪ ਨ ਆਉਣ,
ਕਰੀਏ ਕਉਣ ਤਰੀਕੇ ?
ਨਿਕਲੇ ਨਾ ਅਰਮਾਨ ਦਿਲੇ ਦੇ,
ਭਰੇ ਰਹੇ ਜੀਅ ਜੀਕੇ।

- o -


www.sikhbookclub.com

## ਕੰਡੀ ਤੇ ਹੱਥ ਫੇਰ

ਕੰਡੀ ਤੇ ਹੱਥ ਫੇਰ, ਗੁਸਾਂਈਆਂ !
    ਕੰਡੀ ਤੇ ਹਥ ਫੇਰ !
ਆਸਾ ਕਰਕੇ ਆਈ, ਵੇ ਸਾਂਈਆਂ !
    ਆਸਾ ਕਰਕੇ ਢੇਰ।
ਮਨ ਦਾ ਮਣਕਾ ਫਿਰੇ ਨ ਮੇਰਾ
    ਮਾਲਾ ਫੇਰੀ ਢੇਰ;
ਮਾਲਾ ਫੇਰੀ ਢੇਰ ਗੁਸਾਂਈਆਂ !
    ਮਨ ਦਾ ਮਣਕਾ ਫੇਰ !

– o –

## ਤੈਂ ਮਿਹਰਾਂ ਦੇ ਤਕੀਏ

ਮੈਂ ਵਿਚ ਸ਼ਕਤਿ ਨ ਯਾਦ ਰਖਣ ਦੀ
ਤੈਂ ਵਿਚ ਸ਼ਕਤੀਆਂ ਸੱਭੇ।
ਯਾਦ ਰਖੀਂ ਤੇ ਭੁੱਲ ਨ ਜਾਂਈਂ
ਤੂੰ ਸੁਣ ਮੇਰਿਆ ਰੱਬੇ !
ਦਾਵਾ ਮਾਣ ਨਹੀਂ ਕਿਛੁ ਮੇਰਾ
ਤੈਂ ਮਿਹਰਾਂ ਦੇ ਤਕੀਏ,
ਲੜ ਲਾਈ ਨੂੰ ਤੋੜ ਨਿਭਾਣਾ
ਬਿਰਦ ਤਿਰੇ ਨੂੰ ਫੱਬੇ।

– o –

## ਉਹ ਥਾਂ ਕਿੱਥੇ ?

ਬਨ ਵਿਚ ਬੈਠਿਆਂ ਤੁਸਾਂ ਅਸਾਂ ਨੂੰ
ਖਿੱਚ ਜਗਤ ਦੀ ਲਾਈ,
ਜਗ ਵਿਚ ਗਿਆਂ, ਵਿਰਾਗ ਲਾਇਕੇ
ਬਨ ਦੀ ਖਿੱਚੀ ਪਾਈ,
ਇਕ ਵਲ ਸੁੰਞ, ਬਿਯਾ ਵਲ ਰੌਲਾ,
ਉਹ ਥਾਂ ਕਿੱਥੇਂ ਪਾਈਏ?
ਤੁਸੀਂ ਮਿਲੋ ਰਸ ਸਾਨੂੰ ਜਿੱਥੇ
ਗਲ ਗਲਵੱਕੜੀ ਪਾਈ !

- o -

## ਦਿਲ ਤੁਲਨਾ

ਦਿਲ ਨੂੰ ਰੀਣਕ ਤੁਲਨਾ ਮਿਲ ਗਈ,
ਮਿਲ ਗਈ ਇਕ ਪਾਤਿਸ਼ਾਹੀ।
ਬਿਨ ਪ੍ਰਾਪਤਿ ਦੇ ਤ੍ਰਿਪਤੀ ਹੋ ਗਈ,
ਦੁਖ ਭੁਖ ਇਸ ਨੇ ਲਾਹੀ।
ਬਿਨ ਦੌਲਤ ਦੇ ਧਨੀ ਹੋ ਗਏ,
ਹੋ ਗਏ ਗ਼ਨੀ ਇਲਾਹੀ,
ਸ਼ਾਲਾ ! ਰੀਣਕ ਦਾਤ ਇਹ ਅਪਣੀ,
ਦੇਂਦਾ ਰਹੀਂ ਸਦਾ ਹੀ।

- o -


www.sikhbookclub.com

# ਦੇਹ ਨਾ ਮਿਲੇ ਸੀ ਰੱਜ

ਮੌਤ ਤੋਂ ਜਿ ਜਾਇ ਪਾਰ
ਖੁੱਲ੍ਹ ਮੈਂ ਮਿਲੇ ਅਪਾਰ,
ਦੌੜ ਜਾਉਂ ਲਾਲ ਦ੍ਵਾਰ
ਧੂੜ ਲੈ ਚੜ੍ਹਾਉਂ ਸੀਸ।

ਫੇਰ ਪੂਜ ਪਾਦ ਕੰਜ
ਦੇਖਕੇ ਮੁਖਾਰਬਿੰਦ
ਨਾਲ ਕੇਰ ਪਜਾਰ ਹੰਝੂ
ਵਾਰਿ ਜਾਉਂ ਵਾਰ ਬੀਸ।

ਦੇਹਿ ਨ ਮਿਲੇ ਸੀ ਰੱਜ,
ਰੂਹ ਮਿਲੇ ਰੂਹ ਅੱਜ,
ਘੁੱਟ ਘੁੱਟ ਰੱਜ ਰੱਜ
ਠੰਢ ਪਾਉਂ ਬਿਰ੍ਹੋਂ ਚੀਸ।

ਰਾਤ ਦੇਹੁੰ ਏਸ ਰੰਗ,
ਸਦਾ ਰਹਾਂ ਅੰਗ ਸੰਗ,
ਨਾ ਪਵੇ ਕਦੇ ਬਿ ਭੰਗ
ਮੇਲ ਪਜਾਰ ਵਿੱਚ,ਈਸ਼ !

– ੦ –

# ਮੇਲ ਖੇਲ

ਜਾਗਦਿਆਂ ਤੁਸੀਂ ਮਿਲੇ ਅਸਾਨੂੰ
ਜਿਉਂ ਸੁਪਨੇ ਦੇ ਮੇਲੇ;.
ਅਖ-ਪੁਤਲੀ ਵਿਚ ਲੰਘ ਅਚਾਨਕ
ਨਿਰਤਕਾਰ ਜਿਉਂ ਖੇਲੇ।
ਪਰਤ ਪਏ ਛਿਨ ਓਸੇ ਜਾਪੇ
ਥਰਰ ਥਰਰ ਇਕ ਰਹਿ ਗਈ,
ਭਾਂਬੀਰੀ ਜਿਉਂ ਬੈਠ ਫੁੱਲ ਤੇ
ਬੈਠਦਿਆਂ ਉਠ ਚੱਲੇ।
'ਮੇਲ ਖ਼ੇਲ' ਹੈ ਹੱਥ ਆਪ ਦੇ
'ਸਿੱਕ' ਅਸਾਂ ਦੇ ਪੱਲੇ,
'ਰਸ-ਮਿਲਾਪ ਤੇ 'ਕਸਕ' ਵਿਛੋੜਾ'
ਇੱਕ ਮਜਾਨ ਕਿਵ ਠੱਲੇ !

- o -


www.sikhbookclub.com

## ਕੋਈ ਮੰਤਰ ਐਸਾ ਪੁੱਗੇ

ਬਨ ਦੀ ਸੁੰਞ ਸੁਹਾਵੀ ਸਹੀਓ !
ਜੇ ਪ੍ਰੀਤਮ ਆ ਗਲ ਲੱਗੇ ;
ਜਗ ਦੇ ਰੌਲੇ ਰਾਗ ਬਣਨ,
ਜੇ ਪ੍ਰੀਤਮ ਦਿਸ ਦਿਲ ਠੱਗੇ।
ਸੁਹਣੇ ਦੇ ਵਸ ਜਿੰਦ ਅਸਾਡੀ,
ਖੁਸ਼ੀ ਗ਼ਮੀ ਵਸ ਉਸ ਦੇ,
ਕਿਵੇਂ ਕਦੇ ਨਾ ਵਿਛੁੜੇ ਪ੍ਰੀਤਮ,
ਕੋਈ ਮੰਤਰ ਐਸਾ ਪੁੱਗੇ।

– o –

## ਨੱਸ ਗਿਓਂ

ਦਰਸ਼ਨ ਦੇਕੇ ਸੂਰਤ ਅਪਣੀ
ਦਿਲ ਬੰਦੀ ਦੇ ਧੱਸ ਗਿਓਂ !
ਪਾਇ ਤਣਾਵਾਂ ਕਸਕਾਂ ਵਾਲੀਆਂ,
ਦੂਰ ਨਜ਼ਰ ਤੋਂ ਨੱਸ ਗਿਓਂ !
ਸੂਰਤ ਵਾਲਿਆ ! ਤੈਨੂੰ ਸੂਰਤ
ਅੰਦਰ ਬੈਠੀ ਤਰਸ ਰਹੀ,
ਕਰਕੇ ਜਾਦੂ ਤੂੰ ਭਾਵੇਂ ਹੁਣ
ਜੌਂਕੀ ਸੁਹਣਿਆਂ ! ਹੱਸ ਰਹਿਓਂ।

– o –


www.sikhbookclub.com

## ਸਹੀ ਸੁਹਾਗਣ

ਅੱਧੀ ਰਾਤੀਂ ਆਇਓਂ,
    ਪਿਛਲੀ ਟੁਰ ਗਿਓਂ, ਲਾਲ !
ਨਾਂ ਰਹਿਓਂ ਇਕ ਰਾਤ ਭਰ,
    ਨਾਂ ਲੈ ਟੁਰਿਓਂ ਨਾਲ।
ਸਹੀ ਸੁਹਾਗਣ ਸੱਚ ਮੈਂ,
    ਤੂੰ ਜੀ ਜੁੱਗ ਹਜ਼ਾਰ,
ਭਾਵੇਂ ਮੇਰੇ ਤਰਸਦੇ
    ਨੈਣ ਰਹਿਣ ਜਲਿਹਾਰ।

- o -

## ਛੁਹ ਮਹਿਬੂਬੀ

ਛੁਹ ਮਹਿਬੂਬੀ ਬਾਝੋਂ ਖੇੜਾ
ਮੁੜ ਜਾਵੇ, ਝੜ ਜਾਵੇ;
ਖ਼ੁਦ ਤੇ ਖੜ੍ਹਕੇ, ਖ਼ੁਦੀਓਂ ਲੰਘਕੇ,
ਛੁਹ-ਮਹਿਬੂਬੀ ਆਵੇ।
ਅਸਲੀ ਖੇੜਾ ਉਹ ਛੁਹ ਲਾਵੇ,
ਹੋਰ ਉਛਾਲਾ ਬੂੰਈਂ,
ਐਪਰ ਯਾਦ ਬਿਨਾ, ਨੀ ਸਹੀਓ !
ਰਮਜ਼ ਨ ਇਹ ਹਥ ਆਵੇ।

- o -


www.sikhbookclub.com

# ਸਚਖੰਡ ਸ੍ਰੀ ਹਜ਼ੂਰ ਸਾਹਿਬ

ਸੱਚਖੰਡ ਨੇ ਸੁਣਿਆ ਜਦ ਤੂੰ
ਦੁਨੀਆਂ ਤੋਂ ਚਿਤ ਚਾਇਆ।
ਰੂਪਵਾਨ ਹੋ ਅਰੂਪ ਦੇਸ਼ ਤੋਂ
ਉਤਰਿ ਧਰਾ ਤੇ ਆਇਆ।
ਪਾਵਨ ਕੀਤੀ ਧਰਤੀ ਦੁਆਲੇ
ਛਾ ਗਿਆ ਰਸ ਰੰਗ ਲੈ ਕੇ
ਤਾਂ ਜੋ ਫਰਸ਼ੀ ਮਾਣ ਲੈਣ ਰਸ
ਜੋ ਅਰਸ਼ਾਂ ਵਿਚ ਛਾਇਆ।
'ਸੱਚਖੰਡ' ਹੁਣ ਨਾਮ ਏਸ ਦਾ
ਹਰ ਰਸਨਾ ਪਈ ਗਾਵੇ
ਰਸ ਸਚਖੰਡੀ ਏਸ ਥਾਂਉਂ ਤੇ
ਛਹਿਬਰ ਹੈ ਪਿਆ ਲਾਵੇ।
ਭਰ ਭਰ ਪੀਣ ਬੁਕਾਂ ਦੇ ਸੁਹਣੇ
ਰਸੀਏ ਜੋ ਇਸ ਰਸ ਦੇ,
ਰਸ ਇਸ ਥਾਂਵੇਂ ਬੇਪਰਵਾਹ ਹੋ
ਛੱਜੀਂ ਪਿਆ ਲੁਟਾਵੇ।

- o -


www.sikhbookclub.com

# ਸ੍ਰੀ ਹਜ਼ੂਰ ਸਾਹਿਬ 'ਰਸ-ਯਾਦ'

(ਯਾਤ੍ਰਾ ਸਫਲ ਹੋਣ ਸਮੇਂ)

ਬਰਸਾਂ ਜੀਵੇ, ਦਰਸ ਦੀ
ਮਨ ਵਿਚ ਲੈ ਕੇ ਪਜਾਸ,
ਦਰਸ਼ਨ ਦੇ ਹੁਣ ਤੁਸਾਂ ਨੇ
ਪੂਰਨ ਕੀਤੀ ਆਸ।
ਦਰਸ਼ਨ ਦਾ ਸੁਖ ਮਾਣਿਆਂ
ਪੰਜ ਦਿਨ, ਹੇ ਸਚਖੰਡ !
ਇਸ ਸੁਖ ਦੀ 'ਰਸਯਾਦ' ਸਦ
ਰਹੁ ਅਸਾਡੇ ਪਾਸ।

- o -

## ਯਾਦ ਸਜਨ

ਯਾਦ ਸਜਨ ਨੂੰ ਵਿੱਚ ਵਿਛੋੜੇ
ਹੋਣ ਨ ਦੇਂਦੀ ਓਹਲੇ;
ਦਿਲ ਸ਼ੀਸ਼ੇ ਵਿਚ ਯਾਦ ਸਜਨ ਦੀ
ਕਰਦੀ ਦਿੱਸੇ ਚੁਹਲੇ।
ਕਦੀ ਰੁਆਵੇ, ਕਦੀ ਹਸਾਵੇ,
ਥਰਹਰ ਥਰਹਰ ਲਾਵੇ,
ਚੜ੍ਹ ਪੰਘੂੜੇ ਕਦੀ ਸੁਪਨ ਦੇ
ਮੇਲ ਗਾਉਂਦੀ ਸੁਹਲੇ।

- o -


www.sikhbookclub.com

## ਜੁਦਾਈ

ਸ਼ਾਲਾ, ਕਹਿਰ ਕੀਤੋਈ ਡਾਢਾ
ਘੜੀਓਂ ਈ ਜਦੋਂ ਜੁਦਾਈ,
ਐਪਰ ਬਿਨਾ ਜੁਦਾਈ ਕਿਸਨੇ
'ਪ੍ਰੇਮ-ਕੀਮ' ਸੀ ਪਾਈ।
ਧੁਪ ਨੂੰ ਛਾਉਂ, ਛਾਉਂ ਨੂੰ ਧੁਪ ਤਿਉਂ
ਮਿਲ-ਵਿਛੁੜਨ ਰੰਗ ਲਾਵਨ,
ਤੀਰ ਪ੍ਰੇਮ ਦੇ ਦੋਵੇਂ ਹਨ ਏ
ਝੱਲੇਂ ਤਾਂ ਸੁਖਦਾਈ।

– o –

## ਪੁਕਾਰ

ਤੂੰ ਸੁਣ, ਸੁਹਣੇ ਸਾਂਈਆਂ ਮੇਰੇ !
ਮੇਰੀ ਇਹ ਪੁਕਾਰ :
ਤੇਰੀ ਥਾਪੀ ਕਿ ਤੈਂ ਧੱਪਾ
ਦੋਵੇਂ ਤੇਰੇ ਪਜਾਰ ;
ਐਸੇ ਪ੍ਰੇਮੀ ਤੇਰੇ ਜੋ ਹਨ
ਉਹਨਾਂ ਦਾ ਦੀਦਾਰ
ਦੇਂਦਾ ਰਹੁ ਦਾਤਾ, ਨਿਤ ਨਿਤ ਹੀ
ਸਾਨੂੰ ਇਹ ਦਰਕਾਰ।

– o –


www.sikhbookclub.com

# ਮੰਗਤ ਮੰਗ

ਸੂਹਣਿਆਂ ਦਾ ਸਰਤਾਜ ਤੂੰ
ਤੂੰ ਖਾਸਾਂ ਦਾ ਖਾਸ[1]
ਮੰਗਤ[2] ਦਰ ਤੇ ਹੈ ਖੜਾ
ਤੈਂ ਖ੍ਵਾਸਾਂ ਦਾ ਖ੍ਵਾਸ[3]
ਮੰਗਤ ਮੰਗੇ ਮੰਗ ਇਹ :-
'ਮਾਂਗ ਮੰਗਣ ਮਿਟ ਜਾਇ,
'ਮੰਗਣ ਸੰਦੀ ਕੈਦ ਤੋਂ
ਹੋਵੇ ਬੰਦ ਖ਼ਲਾਸ।
'ਐਪਰ ਤਦ ਤਕ ਮਿਟੇ ਨਾ
ਦਰਸ਼ਨ ਸੰਦੀ ਮੰਗ
'ਜਦ ਤਕ ਪਰਦਾ ਤਣ ਰਿਹਾ
ਵਿਚ ਹੈ ਖ਼ਾਸ ਖਵਾਸ[4]
'ਖੰਭ ਭੰਬੀਰੀ ਪਤਲਾ
ਪਰਦਾ ਐਸਾ ਹੋਇ,
'ਤ੍ਰੁਟੇ ਤੇਰੇ ਤੋੜਿਆਂ
ਅਪਣੀ ਹੱਥੀਂ ਖ਼ਾਸ।'

– o –

---

1. ਚੁਣੇ ਹੋਇਆਂ ਵਿਚੋਂ ਚੁਣਿਆ। (ਅਰਬੀ, ਖ਼ਾਸ)।
2. ਯਾਚਕ,ਮੰਗਤਾ।
3. ਤੇਰੇ ਦਾਸਾਂ ਦਾ ਦਾਸ। (ਅਰਬੀ ਖਾਸ)।
4. ਭਾਵ ਮਾਲਕ ਤੇ ਸੇਵਕ ਵਿਚ।

# ਲਾਲਨ ਦੀ ਦਸਤਾਰ

(ਕਾਫੀ)

ਲਾਲਨ ਮੇਰਾ ਜ਼ੁਲਫ਼ਾਂ ਵਾਲਾ,
ਘੁੰਘਰਿਆਲੇ ਕੇਸਾਂ ਵਾਲਾ।
ਕੁੰਡਲ ਮਾਰ ਓ ਜੁੜ ਪਏ ਕੇਸ
ਮਾਰੇ ਜਿਉਂ ਕੁੰਡਲ ਅਹਿ ਸ਼ੇਸ਼[1]।
ਕਰਦੀ ਪਰਕਰਮਾ ਘੁੰਮ ਦੁਆਲ
ਸੁਹਣੀ ਪ੍ਰੇਮਣ ਦੇ ਕੁਈ ਹਾਲ[2]।
ਕਕਰੇਜ਼ੀ[3] ਰੰਗੀ ਦਸਤਾਰ
ਲਿਪਟ ਗਈ ਹੋ ਹੋ ਪੇਚਦਾਰ।
ਦਸਤਾਰੇ ਤੇ ਹੋ ਅਸਵਾਰ
ਕਲਗ਼ੀ ਛਬੀ ਜਵਾਹਰ ਦਾਰ।
ਹੀਰੇ ਕਣੀਆਂ ਚਮਕਣ ਇਉਂ
ਗਗਨੀ ਤਾਰੇ ਟਿਮਕਣ ਜਿਉਂ।
ਕਕਰੇਜ਼ੀ ਦਸਤਾਰੇ ਹੇਠ
'ਉਦੈ ਸੂਰ[4] ਚਮਕੇ ਜਿਉਂ ਜੇਠ।

---

1. ਸ਼ੇਸ਼ ਨਾਗ।
2. ਕਿਸੇ ਸੁਹਣੀ ਪ੍ਰੇਮਣ ਵਾਂਗ।
3. ਕਾਲੀ ਭਾਹ ਵਾਲਾ ਲਾਲ ਰੰਗ
4. ਭਾਵ ਖਿੜਿਆ ਤੇ ਹਸਦਾ ਚਿਹਰਾ

ਤੇਜ ਅਝੱਲ ਚੁਫੇਰੇ ਖਿਲਰ
ਪਰ ਜਿਨ੍ਹ ਅੱਖੀਂ ਪੈਕੇ ਮਿਲ ਰ੍ਹੇ,
ਉਹ ਅੱਖਾਂ ਝਮਕਣ ਭੁਲ ਜਾਵਣ
ਹੋਇ ਬਝੱਕ ਇਕ ਟੱਕ ਤਕਾਵਣ।
ਚਿਹਰੇ ਤੋਂ ਇਹ ਚਾਨਣ ਪੈਂਦਾ,
ਨੈਣਾਂ ਤੋਂ ਕੁਝ ਹੋਰ ਵਸੇਂਦਾ।
ਬਦਲੀ ਤੋਂ ਜਿਉਂ ਹੁੰਦੀ ਕਿਣਮਿਣ
ਨੈਣਾਂ ਤੋਂ ਇਹ ਹੋਵੇ ਕਿਣ ਮਿਲ
ਰੂੰ ਦੇ ਫੋਹੇ ਵਾਙੂ ਆਂਦੀ
ਲੈਣ ਬਝੱਕਿਆਂ ਵਿਚ ਲਹਿ ਜਾਂਦੀ।

*ਪ੍ਰਸ਼ਨ-* ਇਸ ਦੀ ਦੱਸੋ ਹੋਰ ਕਹਾਣੀ,
ਹਾਂ, ਦੱਸੋ ਉਸ ਦੀ ਕੀਹ ਨਿਸ਼ਾਨੀ ?

*ਉੱਤਰ-* ਦਸਿਆਂ ਉਸ ਨੂੰ ਕੁਈ ਨ ਸਜਾਣੇ,
ਜੋ ਉਸ ਮਾਣੇ ਸੋ ਉਸ ਜਾਣੇ।

- o -


www.sikhbookclub.com

## ਝਲਕ ਤਾਂਘ

ਤੇਰੇ ਘਰ ਜਗ੍ਹਾ ਨਾ ਸਾਡੀ
ਤੇਰੇ ਕੂਚੇ ਨ ਹੈ ਢੋਈ,
ਕਿਸੇ ਰਸਤੇ ਤੇ ਜਾ ਬੈਠੇ ਜੁ
ਤੈਂ ਕੂਚੇ ਨੂੰ ਮਿਲਿਓਈ।
ਰਹੇ ਖਲੋਤੇ ਉਡੀਕਾਂ ਵਿਚ
ਯਾ ਬੈਠੇ ਇੰਤਜ਼ਾਰੀ ਵਿਚ
ਤ੍ਰਬੁਕ ਤਕਦੇ ਹਰ ਆਹਟ ਤੇ
ਕਿ ਨੈਣਾਂ ਤਾਰ ਜਾਰੀ ਵਿਚ
ਕਿਸੇ ਕੰਮ ਜਾਂਵਦੇ ਅਪਣੇ
ਪਓ ਲੰਘ ਜੇ ਇਥਾਊਂ ਤੋਂ
ਝਲਕ ਜੇ ਮਿਲ ਜਾਏ, ਸਾਂਈਆਂ !
ਹੋ ਸਦਕੇ ਜਾਂ ਤੁਸਾਊਂ ਤੋਂ।

– o –

## ਲੱਗੀ ਨਿਭੇ

*ਦੋਹਾ–*

ਜਿੰਨਾਂ ਚਿਰ ਅਗ ਨਾਲ ਤੂੰ, ਲੋਹੇ !
ਓਨਾਂ ਚਿਰ ਤੂੰ ਲਾਲ,
ਲਕੜੀ ਨੇ ਇਕ ਛੁਹ ਲਈ, ਲੋਹੇ !
ਉਸ ਨਿਭ ਗਈ ਲਾਲੀ ਨਾਲ।

 www.sikhbookclub.com

## ਪਾਰਸ-ਛੂਹ

ਮੈਂ ਚੰਗੀ ਮੈਂ ਚੰਗੀ ਵੇ ਲੋਕਾ !
ਜਿਹਨੂੰ ਸਾਂਈਂ ਨੇ ਹਥ ਲਾਇਆ,
ਗੁਣ ਅਉਗੁਣ ਮੇਰਾ ਕੁਝ ਨਾ ਤਕਿਆ
ਉਸ ਝੋਲੀ ਪਕੜ ਬਿਠਾਇਆ।
ਮੰਦੀ ਸਾਂ, ਪਰ ਚੰਗੀ ਹੋ ਗਈ,
ਹੁਣ ਮੰਦੀ ਕਹੋ ਨ ਕੋਈ,
ਉਸ ਤਾਂਬੇ ਨੂੰ ਕਹੋ ਨ ਤਾਂਬਾ
ਜਿਨਹੂ ਪਾਰਸ ਨੇ ਗਲ ਲਾਇਆ।

– o –

## ਸੁਰ-ਮੇਲ

ਨੈਣਾਂ ਤ੍ਰਬੁਕੇ ਦੇਖ ਸੁੰਦ੍ਰਤਾ,
ਦੇਹ ਕੰਬੀ ਛੁਹ ਨਾਲ,
ਸੁਰ ਤੁਹਾਡੀ ਅੰਦਰ ਕੰਬਾਇਆ
ਠਾਠ ਤਰਬ ਜਿਉਂ ਲਾਲ!
ਨਦਰ ਤੁਸਾਡੀ ਨੇ ਸੁਰ ਮੇਲੀ,
ਛੁਹ ਸੰਗੀਤਕ ਲਾਈ,
ਆਪਾ ਹੀ ਸੰਗੀਤ ਹੋ ਗਿਆ,
ਰਸ ਰਸੀਆ, ਰੀਸਾਲ।

– o –

## ਤੇਰੀ ਛੁਹ !

ਧਰਤੀ ਹੋ ਕੇ ਮੈਂ ਲਿਟਾਂ,
ਬੇ-ਖਜਾਲਾ ਲੰਘ ਜਾਇਂ,
ਭਲਾ ਜਿ ਐਦਾਂ ਹੀ, ਸਜਨ !
ਛੁਹ ਤੇਰੀ ਮਿਲ ਜਾਇ।

– o –

## ਦੇਸ ਪਰਦੇਸ

ਫਬਿਆ ਹੋ ਪਰਦੇਸ,
ਪਰ ਦੇਸ ਲਗੇ ਵਧ ਮਿੱਠੜਾ,
ਜੇ ਪੀਅ ਰਹੇ ਪ੍ਰਦੇਸ,
ਦੇਸ ਤਦੋਂ ਪਰਦੇਸ ਹੋ।

– o –

## ਰੂਪ

ਚੜ੍ਹੇ ਬ੍ਰਿਤੀ ਗੁਡੀਆ ਜਿਵੇਂ
ਉਡੇ ਸੁਦੇਸ਼ ਅਰੂਪ,
ਪਜਾਰ ਤਣੁੱਕਾ ਖਾ ਗਿਰੇ
ਫੇਰ ਫੇਰ ਵਿਚ ਰੂਪ।

– o –


www.sikhbookclub.com

## ਰਮਜ਼ ਦਏ ਪਰ ਰਾਜ਼ ਨਾ

ਲੁਕੇ ਰਹਿਣ ਦੀ ਜਾਚ
ਪ੍ਰੀਤਮ ਨੂੰ ਐਸੀ ਫਬੀ,
ਕੁਦਰਤ ਪਰਦਾ ਤਾਣ
ਲੁਕਿਆ ਇਸ ਉਹਲੇ ਰਹੇ।
ਮਨ ਮੰਦਰ ਵਿਚ ਆਣ
ਜੇ ਲੀਲਾ ਲਾਣੀ ਚਹੇ,
ਦੇਖੋ ਛਿਪਵੀਂ ਸ਼ਾਨ:-
ਨੈਣਾਂ ਰਾਹ ਜਾਣੇ ਜਚੇ;
ਮਤਾਂ ਦੇਖ ਏ ਲੈਣ
ਅੰਦਰ ਲੰਘਦੇ ਜਾਂਦਿਆਂ
ਏਹ ਤਰਾਸੇ ਨੈਣ
ਤਰਸਣ ਜੋ ਨਿਤ ਦਰਸ ਨੂੰ।
ਕੰਨਾਂ ਸੰਦੇ ਰਾਹ
ਮੱਲਕੜੇ ਲੰਘ ਜਾਂਵਦਾ
ਖੜੀ ਰਾਹ ਵਿਚ 'ਵਾਹ'
ਪ੍ਰੀਤਮ ਦਾ ਸ੍ਵਾਗਤ ਕਰੇ।
ਮਨ ਮੰਦਰ ਵਿਚਕਾਰ
ਜਦ ਇਉਂ ਆ ਵਸੇ,
ਹੋ ਨੈਣਾ ਪਿਛਵਾਰ
ਨੈਣ ਝਰੋਖੇ ਰਸਤਿਓਂ

ਸਭ ਦਾ ਮੁਜਰਾ ਲੇਇ,
ਦਿੱਸੇ ਨਾ, ਪਰ ਦੇਖਦਾ,
ਕੇਲੀ ਕੇਲ ਕਰੇਇ,
ਰਮਜ਼ ਦਏ ਪਰ ਰਾਜ਼ ਨਾ।

– o –

## ਗੈਬ ਦੀ ਆਵਾਜ਼

ਤੈਨੂੰ ਕੌਣ ਮੈਲਿਆਂ ਕਰ ਸਕਦੈ ?
ਤੇਰੇ ਦੁਆਲੇ ਧੂੜਾਂ ਭਰ ਸਕਦੈ ?
ਤੈਨੂੰ ਤੜਕੇ ਸਾਰ ਜਗਾਯਾ ਸੀ,
ਤੈਨੂੰ ਨੀਰ ਨਿਪੰਗ ਨੁਹਾਯਾ ਸੀ,
ਗਲ ਧੋਤਾ ਚੋਲਾ ਪਾਯਾ ਸੀ,
ਤੈਨੂੰ ਕੌਣ ਮੈਲਿਆਂ ਕਰ ਸਕਦੈ ?...
ਤੈਨੂੰ ਗੋਦੀ ਵਿਚ ਖਿਡਾਯਾ ਸੀ,
ਤੈਨੂੰ ਅਪਣਾ ਦੁੱਧ ਚੁੰਘਾਯਾ ਸੀ,
ਤੈਨੂੰ ਚੰਬੇ ਵਾਂਙ ਖਿੜਾਯਾ ਸੀ,
ਤੈਨੂੰ ਕੌਣ ਮੈਲਿਆਂ ਕਰ ਸਕਦੈ ?...
ਕਿਉਂ ਬਣਿਆਂ ਅੱਜ ਸਿਆਣਾ ਸੈਂ ?
ਕਿਉਂ ਲੋਕਾਂ ਨੂੰ ਸਮਝਾਣਾ ਸੈਂ ?
ਦੇ ਮੱਤੀਂ ਆਪ ਲੁਟਾਣਾ ਸੈਂ ?
ਤੈਨੂੰ ਕੌਣ ਮੈਲਿਆਂ ਕਰ ਸਕਦੈ ?
ਤੇਰੇ ਦੁਆਲੇ ਧੂੜਾਂ ਭਰ ਸਕਦੈ ?

– o –


www.sikhbookclub.com

# ਕਤਰਾ

(ਵਸਲ ਅਸੂਲ)

ਕਤਰੇ ਟੁਰ ਪਏ ਕੱਠੇ ਹੋ ਹੋ
　　ਪਤਲੀ ਧਾਰ ਇਕ ਬਣਕੇ,
ਅਸਾਂ ਪੁੱਛਿਆ: 'ਕਿਧਰ ਚਲੇ ਹੋ?'
　　ਬੋਲ ਪਏ ਓਹ ਸੁਣਕੇ:
'ਸ਼ਹੁ ਸਾਗਰ ਨੂੰ ਮਿਲਨੇ ਚੱਲੇ';
　　ਅਸਾਂ, ਕਿਹਾ ਹਸ: 'ਭਾਈ !
'ਵਾਟ ਦੁਰੇਡੀ, ਪੈਂਡੇ ਖੋਟੇ,
　　ਜਿੰਦ ਤੁਸਾਂ ਸੁਹਲਾਈ;
'ਚਿੜੀਆਂ ਰਲ ਪੀ ਜਾਣ ਤੁਸਾਨੂੰ,
　　ਰੇਤ ਜੀਉਰ ਪੀ ਜਾਏ,
'ਪਵਨ ਉਡਾਇ ਲਿਜਾਵੇ ਝਟ ਪਟ,
　　ਸੂਰਜ ਕਿਰਨ ਸੁਕਾਏ।'
ਹੱਸਕੇ ਕਤਰੇ ਬੋਲ ਪਏ ਤਦ :-
　　'ਮਾਨੁਖ ਜਾਚ ਨ ਜਾਣੇ,
'ਵਸਲ ਅਸੂਲ ਨ ਸਮਝਣ ਸ਼ੁਹਦੇ
　　ਉਂਞ ਬਣਦੇ ਹਨ ਸਜਾਣੇ।
'ਅਪਣੇ ਤੋਂ ਇਕ ਧਾਰ ਵਡੇਰੀ
　　ਅਸੀਂ ਢੂੰਡਦੇ ਟੁਰ ਪਏ,


www.sikhbookclub.com

'ਜਿੱਥੇ ਮਿਲੂ, ਅਸੀਂ ਵਿਚ ਉਸ ਦੇ
ਅਰਪਿ ਆਪਨੂੰ ਰਲ ਪਏ;
'ਫਿਰ ਬਣ ਧਾਰ ਵਡੇਰੀ ਉਸ ਤੋਂ
ਵੱਡੀ ਨੂੰ ਜਾ ਮਿਲੀਏ,
'ਉਸ ਤੋਂ ਫੇਰ ਵਡੇਰੀ ਤਾਂਈਂ
ਮਿਲਕੇ ਵਧਦੇ ਚਲੀਏ।
'ਉਹ ਫਿਰ ਨਦੀ ਵਿੱਚ ਜਾ ਮਿਲਸੀ,
ਨਦੀ ਚਲੂ ਫਿਰ ਸ਼ਹੁ ਨੂੰ,
'ਨਦੀ ਮਿਲੇਗੀ ਸ਼ਹੁ ਸਾਗਰ ਨੂੰ;
ਠੀਕ ਕਿ ਨਾ ਹੁਣ ਕਹੁ ਤੂੰ?
'ਬੂੰਦ ਬੂੰਦ ਤੇ ਫੂੰਹ ਫੂੰਹ ਨਿੱਕੀ
ਜਾਇ ਮਿਲੇਗੀ ਸ਼ਹੁ ਨੂੰ,
'ਆਪੇ ਹੀ ਇਸ ਗਾਲ ਤੇ ਸੁਹਣੇ !
ਕਰ ਲੈ ਖਾਂ ਹੁਣ ਗਹੁ ਤੂੰ !
'ਇਹ ਹੈ ਰਾਹ ਵਸਲ ਦਾ, ਸੁਹਣੇ !
ਆਪਾ ਅਰਪ ਅਰਪਕੇ
'ਸ਼ਹੁ ਦੇ ਅੰਕ ਸਮਾਈਏ ਆਖ਼ਰ,
ਸਿਕ ਸਿਕ ਤੜਪ ਤੜਪਕੇ।'

– o –


www.sikhbookclub.com

# ਅਸਲ ਸੁਖੀ ਜੀਵਨ

ਜਿਸ ਨੇ ਜੀਵਨ 'ਜੀਵਨ' ਜਾਤਾ,
ਉਸ ਨੇ ਜੀਵਨ ਨਹੀਂ ਪਛਾਤਾ।
ਜਿਸ ਨੇ ਜੀਵਨ 'ਨਾਮ' ਬਨਾਇਆ,
ਉਸ ਨੇ ਮਰਮ ਜੀਵਨ ਦਾ ਪਾਇਆ।
ਜੀਵਨ ਖ਼ੁਦ ਸ਼ਾਦੀ ਬਣ ਜਾਂਦਾ,
ਅੰਦਰ ਸੁਹਣੀਆਂ ਠੰਢਾਂ ਪਾਂਦਾ।
ਜਿਉਂ ਗ੍ਰੈਹ ਘੁੰਮਦੇ ਸੂਰਜ ਦੁਾਲੇ,
ਜਿਉਂ ਸਾਗਰ ਨੂੰ ਨਦੀਆਂ ਨਾਲੇ,
ਤਿਉਂ ਜੀਵਨ ਰੁਖ਼ ਸਾਈਂ ਦੁਾਰ,
ਬਣਿਆ ਰਹਿ ਵਿਚ ਕਾਰ ਵਿਹਾਰ,
ਤਦ ਹੁੰਦੀ ਖ਼ਾਨਾ ਆਬਾਦੀ,
ਜੀਵਨ ਖ਼ੁਦ ਬਣ ਜਾਂਦਾ ਸ਼ਾਦੀ।

- o -

# ਤੁਸੀਂ ਨ ਵਿਸਾਰੋ

'ਮੈਂ ਨ ਵਿਸਾਰਾਂ ਤੁਹਾਨੂੰ ਸੁਆਮੀ !',
ਸੁਹਣੀ ਸੱਦ ਸੁਣਾਂਦੀ ਏ,
'ਤੁਸੀਂ ਨ ਵਿਸਾਰੋ ਮੈਨੂੰ', ਇਹ ਗਲ
ਬਾਣੀ ਤੋਂ ਮੈਂ ਸੁਣ ਲਈ ਏ,
'ਇਸ ਕੀੜੇ ਨੂੰ ਤੁਸੀਂ ਵਿਸਾਰੋਂ',
ਸੁਣ ਕੰਬਣੀ ਲਗ ਜਾਂਦੀ ਏ।
ਐਪਰ ਤੁਸੀਂ ਵਿਸਾਰ ਦਿਓ ਜੇ (ਮੈਨੂੰ),
ਯਾਦ ਕਰਨ ਦੀ ਬਾਣ ਤੁਸਾਨੂੰ
ਮੇਰੀ ਤੰਦ ਟੁਰ ਜਾਂਦੀ ਏ।


www.sikhbookclub.com

# ਬਿਰਹੋ

## ਗ਼ਮ

'ਬਿਰਹੋਂ' ਤੁਸਾਡਾ ਬਹੁਤ ਗਾਖੜਾ
    ਪਰ ਫਿਰ ਹੈ ਰਸ ਭਰਿਆ,
'ਦਰਸ' ਤੁਸਾਂ ਵਿਚ ਕੀ ਕੋਈ ਜਾਣੇ
    ਰਸ ਕਿੰਨਾ ਹੋਊ ਧਰਿਆ,
'ਗ਼ਮ' ਤੁਹਾਡੇ ਵਿਚ ਪੈਕੇ ਜੀਉਣਾ
    ਸਭ ਖੁਸ਼ੀਆਂ ਤੋਂ ਸੁਆਦੀ
'ਵਸਲ' ਤੁਸਾਂ ਦਾ ਖ਼ਬਰੇ ਹੈਵੇ
    ਕਿਨ੍ਹਾਂ ਰਸਾਂ ਨਾਲ ਵਰਿਆ !

– o –

## ਤੜਫ ਅਮੁੱਕਵੀਂ

ਖਿਉਂ ਗਿਓਂ ਬਿਜਲੀ ਵਾਂਙ, ਸੁਹਣਿਆਂ !
ਛਿਨ ਇਕ ਦਰਸ ਦਿਖਾਕੇ,
ਆਪ ਪਿਓਂ ਉਠ ਰਾਹੀਂ ਸਦਕੇ !
ਚਿਣੰਗ ਇਕ ਦਿਲੇ ਛੁਹਾਕੇ।
ਬੇ ਗ਼ਮ ਸੁਤਿਆਂ ਉਮਰਾ ਬੀਤੀ,
ਹੁਣ ਕਿਉਂ ਟੁੰਬ ਜਗਾਇਓਈ?
ਲੁਕ ਗਿਓਂ ਅੱਖ ਮਟੱਕੇ ਅੰਦਰ,
ਤੜਫ ਅਮੁਕਵੀਂ ਲਾ ਕੇ।

– o –

## ਵਾਜਾਂ ਮਾਰਨ

ਵਾਜਾਂ ਮਾਰ ਮਾਰ ਖੁਸ਼ ਹੋਵਾਂ,
ਖੁਸ਼ੀ ਰਹਾਂ ਵਿਚ ਵਾਜਾਂ ਮਾਰਨ।
ਕਾਰਨ ਹਿਕੇ ਅਕਾਰਨ ਹੋਵੇ,
ਲੋੜ ਹਿਕੇ ਬਿਨ ਲੋੜ ਪੁਕਾਰਨ।
ਵਿੱਥ ਵਿਛੋੜੇ ਦੀ ਘਟ ਜਾਂਦੀ,
ਇਉਂ ਜਾਪੇ ਹਓ ਕੋਲੇ ਕੋਲ।
ਰਸਨਾ ਰਸੀ ਰਹੇ, ਮਨ ਰਸਦਾ,
ਪਜਾਰ ਉਮੰਗਾਂ ਰਹਨ ਉਭਾਰਨ।

- o -

## ਸਮੇਂ ਦੀ ਅਸਮ੍ਰੱਥਤਾ

ਜੋ ਜੋ ਚੋਜ ਸਮੇਂ ਨੇ ਕੀਤੇ,
ਜੋ ਜੋ ਰੰਗ ਦਿਖਾਏ,
ਆਪੇ ਲਏ ਲੁਕਾ ਤਮਾਸ਼ੇ,
ਮੇਟੇ ਰੰਗ ਖਿੜਾਏ;
ਐਪਰ ਨਕਸ਼ ਪਿਆਰਾਂ ਵਾਲੇ
ਦਿਲ ਡੂੰਘਾਣ ਜੁ ਲੱਥੇ,
ਸਦਾ ਖਿੜੇ ਜਿਉਂ ਚਮਨ ਸੁਹਾਵੇ,
ਓ ਸਮਾਂ ਨ ਸਕੇ ਮਿਟਾਏ।

- o -


www.sikhbookclub.com

## ਕੂਕ

*ਦੋਹਾ–*

ਸੁਣੀ ਅਨਸੁਣੀ ਕਰ ਗਏ,
ਗਏ ਛੁੱਡਾ ਲੜ ਮੀਤ।
ਹੱਥ ਸਿਮਰਨੀ ਦੇ ਗਏ,
ਸਿਮਰਨ ਦੇ ਗਏ ਚੀਤ।

– o –

## ਐਵੇਂ ਭਰ ਭਰ ਡੁਲ੍ਹ ਰਹੇ

*ਸੋਰਠਾ–*

'ਘੜੀ-ਕਟੋਰੇ' ਵਾਂਗ
ਨੈਣ ਭਰਨ ਭਰ ਡੁਲ੍ਹ ਪਵਨ।
ਘੜੀ ਨ ਬਿਰਹੁੰ ਬਿਤਾਨ
ਐਵੇਂ ਹੀ ਭਰ ਡੁਲ੍ਹ ਰਹੇ।

– o –

## ਰਹਿ ਚੁਕੇ

*ਦੋਹਾ–*

ਵਹਿ ਵਹਿਕੇ ਹੁਣ ਰਹਿ ਚੁਕੇ
ਜਲ ਭਰ ਆਏ ਨੈਣ।
ਧੰਨ ਸਖੀ ! ਦਰਿਯਾਉ ਜੋ
ਦਿਨੇ ਰਾਤ ਪਏ ਵਹਿਣ।

– o –


www.sikhbookclub.com

## ਗਏ ਨੈਣ ਨਾਂ ਮੁੜੇ

ਘੱਲੇ ਨੈਣ ਤੁਸਾਂ ਦੇ ਮਗਰੇ,
ਰੂਪ-ਨਕਸ਼ ਬੰਨ੍ਹ ਲਜਾਵਣ,
ਦਿਲ ਦੇ ਤਖਤੇ ਨਕਸ਼ ਬਿਠਾਵਣ
ਛੁਹ ਮਿਠੜੀ ਲਜਾ ਲਾਵਣ।
ਗਏ ਗਏ ਫਿਰ ਮੁੜੇ ਨ ਨੈਣਾਂ
ਰੂਪ ਤੁਸਾਡੇ ਫੜ ਲਜੇ,
ਇੱਕ ਤੁਸਾਂ ਬਿਧ ਨੈਣ ਆਪਣੇ
ਤੀਰ ਬਿਰਹੋ ਕਸਿ ਲਾਵਣ।

- o -

## ਧੋਤਾ ਦਿਲ ਗੁਣ-ਹਾਰ ਪੁਰੋਂਦਾ

ਵਿੱਚ ਵਿਛੋੜੇ ਹਰ ਕੁਈ ਸਹੀਓ !
ਰੋਂਦਾ ਹੈ, ਪਰ ਰੋਂਦਾ ਹੈ,
ਹਾਂ ਨੀ ਸਹੀਓ ! ਏਸ ਬਿਰ੍ਹੋਂ ਵਿਚ
ਰੋ ਰੋ ਫਾਵਾ ਹੋਂਦਾ ਹੈ।
ਪਰ ਨੀ ਸਹੀਓ! ਰੋਣ ਬਿਰ੍ਹੋਂ ਦਾ
ਮੇਰੇ ਦਿਲ ਨੂੰ ਧੋਂਦਾ ਹੈ,
ਧੋਤਾ ਦਿਲ ਗੁਣ-ਹਾਰ ਪੁਰੋਂਦਾ,
ਲੀਨ ਯਾਦ ਵਿਚ ਹੋਂਦਾ ਹੈ।

- o -


www.sikhbookclub.com

## ਚੁਪਾਤੇ

ਆ ਜਾਓ ਜਦ ਆਪਨ ਖੁਸ਼ੀ, ਤਦ
ਫੜਕੇ ਪਾਸ ਬਹਾਂਦੇ ਹੋ।
ਮਸਤਾਂਦੇ ਹੋ ਰਾਗ ਆਪਣੇ
ਲੈ ਵਿਚ ਲੈ ਕਰਾਂਦੇ ਹੋ।
ਹਿੱਲਣ ਬੋਲਣ ਤਾਬ ਰਹੇ ਨਾ,
ਤਕ ਤਕ ਖੁਸ਼ੀ ਮਨਾਦੇ ਹੋ,
ਤਿਲਕਣ ਬਾਜ਼ੀ ਲਾਇ ਚੁਪਾਤੇ
ਮੁਹਿਆ ਛੱਡ ਤੁਰ ਜਾਂਦੇ ਹੋ।

– o –

## ਬਿਨ ਮਾਂਵਾਂ

ਅੰਮੀ ਨੀ ! ਤੂੰ ਅੱਜ ਨ ਚੌਂਕੇ,
ਪਰ ਮੈਂ ਰੋਟੀ ਪਿਆ ਖਾਵਾਂ,
'ਕੱਲ ਭਾਸਦੀ ਟੱਬਰ ਬੈਠਿਆਂ,
ਜਦ ਮੂੰਹ ਵਿਚ ਬੁਰਕੀ ਪਾਵਾਂ।
ਮੈਂ ਮੁਖੜੇ ਤੇ ਪਜਾਰ-ਨਜ਼ਰ ਤੁਧ,
ਹਾਇ ! ਪੈਂਦੀ ਅੱਜ ਨ ਦਿਸਦੀ,
ਹਰ ਬੁਰਕੀ ਵਿਚ ਸੁਆਦ ਜੁ ਭਰਦੀ,
ਉਹ ਕੌਣ ਭਰੇ ਬਿਨ ਮਾਂਵਾਂ ?

– o –


www.sikhbookclub.com

## ਮਾਂ ਦੀਆਂ ਮੋਹ ਤਣਾਵਾਂ

ਅਰਸ਼ਾਂ ਤੋਂ ਸਦ ਸਦ ਕੇ ਮਾਂਵਾਂ
ਫਰਸ਼ਾਂ ਤੇ ਛੱਡ ਜਾਵਨ,
ਗਈਆਂ ਫੇਰ ਨ ਫੇਰਾ ਪਾਵਨ
ਪਰਤ ਨ ਸਾਰ ਪੁਛਾਵਨ,
ਮੋਹ ਮਾਂਵਾਂ ਦਾ ਮਿਟੇ ਨ ਮਨ ਤੋਂ,
ਮਣਾਂ ਮੋਹ ਚਹਿ ਮਿਲ ਪਏ,
ਮਾਂ ਦੀਆਂ ਮੋਹ ਤਣਾਵਾਂ ਖ਼ਬਰੇ
ਅਰਸ਼ੋਂ ਖਿੱਚਾਂ ਪਾਵਨ।

- o -

## ਤੂੰ ਧੋਵੇਂ ਅਸੀਂ ਭਰੀਏ

ਲੈ ਅੰਮੀਏ ! ਤਕ ਪਜਾਰ ਅਸਾਡਾ,
ਤੂੰ ਧੋਵੇਂ, ਅਸੀਂ ਭਰੀਏ।
ਅਸੀਂ ਭਰੀਏ ਤੂੰ ਮੁੜ ਮੁੜ ਧੋਵੇਂ,
ਅਸੀਂ ਮੁੜ ਭਰਨੋ ਨਾ ਡਰੀਏ।
ਖੇਡਾਂ ਨਾਲ ਪਿਆਰ ਅਸਾਡਾ,
ਮੈਲਾਂ ਵਿੱਚ ਲਿਜਾਵੇ।
ਖੇਚਲ ਨਿਤ ਧੋਵਣ ਦੀ ਦੇਂਦਿਆਂ,
ਅੰਮੀਂ ! ਸੋਚ ਨ ਕਰੀਏ।

- o -


www.sikhbookclub.com

## ਵਿਛੋੜਾ

ਬਿਨਾਂ ਮਿਲੇ ਟੁਰ ਪਈਆਂ ਸਹੀਓ !
ਸਾਨੂੰ ਸੱਦ ਅਜਲ ਦੀ ਆਈ;
ਭੇਜਾਂ ਕਿਨ੍ਹ, ਮਿਲਾਂ ਉੱਡ ਕੀਕੁਰ,
ਹੈਵੇ ਮਹਿਰਮ ਕੋਲ ਨ ਕਾਈ;
'ਉਮਰ ਵਿਛੋੜੇ' ਭਾਹ ਪਏ ਸਨ,
ਅਸੀਂ ਕਦੇ ਨ ਰੱਜ ਮਿਲੇ ਸਾਂ;
ਹੱਛਾ ਕਦੇ ਕੋਈ ਜਾ ਦੱਸੂ:
'ਉੱਡ ਕੂੰਜ ਗਈਆ ਕੁਰਲਾਈ।'

– o –

## ਵੈਰਾਗ ਅੱਥਰੂ

ਨੈਣਾਂ ਜਿਨ੍ਹਾਂ ਵਿਖੇ ਹਨ ਅੱਥਰੂ
ਧੁਰੋਂ ਕਿਸੇ ਨੇ ਪਾਏ,
ਹਿਕਮਤ, ਪਜਾਰ, ਜ਼ੋਰ ਥਕ ਹਾਰੇ,
ਜਾਂਦੇ ਨਹੀਂ ਸੁਕਾਏ;
ਪਰ ਬਣਦਾ ਹੈ ਤੈਨੂੰ ਏਹੋ,
ਤਾਣ ਸੁਕਾਣ ਲਗਾਵੇਂ,
ਐਪਰ, ਖ਼ਬਰਦਾਰ ! ਮਤ ਨਾਲੇ
ਤੂੰ ਕੇਰਨ ਬਹਿ ਜਾਏਂ।

– o –


www.sikhbookclub.com

## ਲੁਕ ਕਿਉਂ ਬਹਿਨੈਂ?

ਤੂੰ ਸੁੰਦਰ, ਹਾਂ ਮੈਂ ਬੀ ਸੁੰਦਰ,
ਮੈਂ ਸੁੰਦਰਤਾ ਉਹਲੇ,
ਲੁਕ ਕਿਉਂ ਬਹਿਨੈਂ? ਮੇਰੇ ਸੁੰਦਰ !
ਕਰੇਂ ਚੋਜ ਤੇ ਚੁਹਲ !
ਕਦੇ ਦਿਸੇਨੈਂ, ਕਦੇ ਲੁਕੇਂ ਤੂੰ,
ਮਾਰ ਤਣੁੱਕੇ ਹਸਨੈਂ,
ਦਿਸਨੈਂ, ਮੋਹਨੈਂ, ਠਗਨੈਂ, ਲੁਕਨੈਂ,
ਬਿਰਹੋਂ ਬਲੇਂਦੈਂ ਸ਼ੁਅਲੇ।

– o –

## ਬਿਰਹਨੀ ਬੱਦਲ ਨੂੰ

ਤਾਂਹੀਓਂ ਨਿੱਕਾ ਨਿੱਕਾ ਪਿਆ ਵਸਨੈਂ,
ਸ਼ਹੁ ਮੇਰਾ ਘਰ ਨਹੀਂ ਨਾ !
ਡਾਢਾ ਲਿਸ਼ਕ ਲਿਸ਼ਕ ਪਿਆ ਹੱਸਨੈਂ,
ਤੇਰੇ ਦਿਲ ਡਰ ਨਹੀਂ ਨਾ !
ਤੂੰ ਜੋ ਬਣ ਬਣ ਆਪਾ ਦੱਸਨੈਂ,
ਸਕਦੀ ਮੈਂ ਜਰ ਨਹੀਂ ਨਾ,
ਦਿਲ ਵਿੱਚ ਵਿਛੋੜੇ ਦੇ ਖੱਸਨੈਂ,
ਜ਼ੁਲਮੀ ਤੂੰ ਕਰ ਨਹੀਂ ਨਾ !

– o –


www.sikhbookclub.com

## ਪ੍ਰੇਮ ਦੀ ਹੱਟੀ

ਪ੍ਰੇਮ ਸੁਦਾਗਰ ਦੀ ਹੱਟੀ ਉੱਤੇ
ਬਿਰਹੋਂ ਵਿਕੇਂਦਾ-ਏ ਸਸਤਾ।
ਬਿਰਹੋਂ ਵਿਕੇਂਦਾ ਏ ਸਸਤਾ ਨੀ ਸਹੀਓ !
ਬਿਰਹੋਂ ਵਿਕੇਂਦਾ-ਏ ਸਸਤਾ।
ਠੰਢੇ ਸਾਹ ਤੇ ਤੱਤੇ ਹੰਝੂ,
ਗ਼ਮ ਦੀਆਂ ਮਿਸਲਾਂ ਦਾ ਬਸਤਾ
ਵਿੱਚ ਉਡੀਕਾਂ ਦੇ ਤ੍ਰਹਿਕਣ ਤ੍ਰਬ੍ਰਕਣ,
ਆਸ ਨਿਰਾਸਾ ਦਾ ਗੁਲਦਸਤਾ।
'ਵੱਖਰ-ਵਸਲ' ਜਿ ਮੈਂਗੋਸੁ ਤਾਂ ਆਖੇ:-
'ਡੂੰਘਰੇ ਪਿਐ, ਤੇ ਦੂਰ ਦਾ ਰਸਤਾ।'

– o –

## ਦੁਖ ਵਿਚ ਸੁਆਦ

*ਦੋਹਾ –*

ਦੁੱਖ ਬਿਰਹੋਂ ਦਾ ਹੈ ਜਲਨ,
ਪਰ ਫਿਰ ਦੇਵੇ ਸ੍ਵਾਦ;
ਜਿਵੇਂ ਧੂਪ ਦੇ ਧੁਖਣ ਵਿਚ,
ਹੈ ਸੁਗੰਧਿ ਅਹਿਲਾਦ।

– o –


www.sikhbookclub.com

## ਉਮਰ ਵਿਛੋੜਾ

ਅੱਧੀ ਰਾਤ ਕੂੰਜ ਕੁਰਲਾਈ
ਹਾਇ ਜਾਨੀ ! ਚੱਲ ਗਇਓਂ ਵੇ !
'ਕੱਲੀ ਵਿਚ ਪਰਦੇਸ਼ ਸੁੱਟਕੇ
ਕਿਹੜੇ ਰਾਹ ਪਇਓਂ ਵੇ !
'ਕਦੇ ਨ ਤੁਰਿਓਂ ਦੇਸ ਕਿਸੇ ਤੂੰ
ਪਿੱਛੇ ਮੈਨੂੰ ਛੱਡ ਕੇ,
'ਉਮਰ ਵਿਛੋੜਾ ਦੇ ਕੇ ਹੁਣ ਤੂੰ,
ਕਿਹੜੇ ਦੇਸ਼ ਗਇਓਂ ਵੇ?'

– o –

## ਅਰਸ਼ੀ ਸਾਥੀ ਫੁੱਲ

ਫੁੱਲਾਂ ਨਾਲ ਪਿਆਰ ਤੁਧੇ ਦਾ
ਉਹ ਤੈਨੂੰ ਪਜਾਰ ਕਰੇਂਦੇ,
ਅਰਸ਼ ਵਤਨ ਫੁੱਲਾਂ ਦਾ, ਏਥੇ-
ਉਹ ਵਿਚ ਪਰਦੇਸ਼ ਵਸੰਦੇ।
ਵਤਨ ਚਲੇ ਜਦ, ਪਜਾਰ ਕਾਰਨੇ,
ਸਹਿ ਨਹੀਂ ਸਕੇ ਵਿਛੋੜਾ,
ਪਾ ਗਲਵਕੜੀ ਨਾਲ ਲੈ ਤੁਰੇ
ਵਾਂਙ ਸੁਗੰਧਿ ਉਡੰਦੇ।

– o –

## ਪਜਾਰ ਨਿਸ਼ਾਨੀ

ਦੋ ਜਿੰਦਾਂ ਦੇ ਮਿਲਣੇ ਵੇਲੇ
ਖੁਸ਼ੀ ਪਾਂਵਦੀ ਫੇਰਾ,
ਵਿਛੁੜਨ ਵੇਲੇ ਦੋ ਜਿੰਦਾਂ ਦੇ
ਗ਼ਮੀ ਝੁਲਾਇ ਫਰੇਰਾ,
ਦੱਸ ਸਖੀਏ ਨੀ ਵਿੱਚ ਵਿਛੋੜੇ
ਕੀ ਹੈ ਪਜਾਰ ਨਿਸ਼ਾਨੀ?

*ਉੱਤਰ-*

ਯਾਦ ਦੁਹਾਂ ਨੂੰ ਗੋਦ ਪਾਇਕੇ
ਦੁਲਰਾਵੇ ਕਰ ਜੇਰਾ।

– o –

## ਵਿਛੜੇ ਦੀ ਯਾਦ

ਫਨੀਅਰ ਵਾਂਙ ਫੂੰਕਾਰੇ ਦੇ ਕੇ
ਯਾਦ ਤੇਰੀ ਅਜ ਆਈ,
ਆਪਾ ਨਰਮ ਨਰਮ ਹੋ ਦ੍ਰਵਿਆ
ਝਰਨ ਝਰਨ ਝਰਨਾਈ।
ਦਿਲ ਸਰੋਦ ਦੀਆਂ ਤਾਰਾ ਸੱਭੇ
ਆਪੇ ਤੜਪ ਪਈਆਂ ਹਨ,
ਛਿੜ ਪਿਆ ਰਾਗ ਵਿਰਾਗ ਰੰਗ ਦਾ
ਆਪੇ ਛਹਿਬਰ ਲਾਈ।

– o –


www.sikhbookclub.com

# ਵਿਦਾਇਗੀ

(ਇਕ ਨਾਮ ਪ੍ਰੇਮੀ ਤੇ ਕੋਮਲ ਭਾਵਾਂ ਨਾਲ ਜੁੜੇ ਗੁਰਮੁਖ ਜੀ ਦੇ ਚਲਾਣੇ ਪਰ ਮਾਨੋਂ ਉਨ੍ਹਾਂ ਦੀ ਜ਼ਬਾਨੀ)

ਬੈਠਿਆਂ ਸੁਤਿਆਂ ਸਾਨੂੰ ਆਏ ਸੁਨੇਹੇ
ਸਾਡੀ ਕੂਚ ਤਿਆਰੀ ਹੋਈ,
ਪੰਧ ਦੁਰਾਡੀ ਜਿੱਥੇ ਵਾਸ ਤੁਸਾਡਾ
ਸਾਡੀ ਸੋ ਨ ਪੁਚਾਵੇ ਕੋਈ,
ਡਾਢੇ ਆਏ, ਰਤੀ ਬਿਲਮ ਨ ਦੇਂਦੇ,
ਅਸੀਂ ਖੁਸ਼, ਪਰ ਸਿਕਦੇ ਚੱਲੇ,
ਤੁਸੀਂ ਜੀਓ ਜੁਗ ਚਾਰ ਇਥਾਂਈਂ,
ਸਾਨੂੰ ਗੁਰ ਦਰ ਦੇਣੀ ਢੋਈ।

– o –

# ਯਾਦ ਤੇਰੀ

(ਇਕ ਨਾਮ ਰਸੀਆ ਪਰ ਗਰੀਬ ਇਕੱਲੇ ਵਿਚਰਨ ਵਾਲੇ ਦੇ ਹਾਲ ਉੱਤੇ)

ਅਨਗਾਏ ਅਸੀਂ ਆਏ ਜਗ ਵਿਚ
ਅਨਰੋਏ ਉਠ ਚੱਲੇ,
ਬੇਗਉਲੇ ਅਸੀਂ ਫਿਰੇ ਜਗਤ ਵਿਚ
ਸੁੱਤੇ ਕੱਲਮਕੱਲੇ,
ਯਾਦ ਤੇਰੀ ਵਿਚ ਵਾਉ ਉਡੰਦੀ
ਪੈ ਗਈ ਸਾਡੀ ਝੋਲੀ
ਖਿਸਕ ਨ ਜਾਏ ਘੁਟ ਘੁਟ ਰੱਖਾਂ
ਬਝੀ ਰਹੇ ਮੈਂ ਪੱਲੇ।

– o –


www.sikhbookclub.com

# ਬਿਹਬਲ ਬਿਰਹਨੀ ਤੇ ਕੋਇਲ

*ਬਿਰਹਨੀ ਆਪਣੇ ਆਪ ਨੂੰ–*

ਟੁਰ ਪਰਦੇਸ ਗਿਓਂ ਵੇ! ਛੱਡ ਕੇ ਦੇਸ ਇਕੱਲੀ,
ਕਿਹੜੇ ਰਾਹੀਂ ਪਿਓਂ ਵੇ! ਰੋ ਰੋ ਹਾਂ ਝੱਲੀ;
ਮੁੜ ਆ ਸਾਰ ਨ ਲੀਤੀ, ਨਾਂ ਦੇ ਸਾਰ ਗਿਓਂ ਵੇ!
ਦੁੱਖਾਂ ਜਿੰਦ ਨਪੀਤੀ, ਕਿਹੜੇ ਖਜਾਲ ਪਿਓਂ ਵੇ?

*ਬਿਰਹਨੀ ਕੋਇਲ ਨੂੰ–*

ਕੋਇਲ ਸਹੀਏ ! ਨ ਜਾਵੀਂ ਸਾਡੇ ਕੋਲੇ ਹੀ ਰਹਿਣਾ।
ਹਾਇ, ਛਡ ਨ ਸਿਧਾਵੀਂ ਬਾਗੀਂ ਸਾਡੇ ਹੀ ਬਹਿਣਾ।

*ਬਿਰਹਨੀ ਬੱਦਲ ਨੂੰ–*

ਮੇਘਾ! ਵਸਦੇ ਹੀ ਰਹੀਓਂ ਤਾਂ ਫਿਰ ਕੋਇਲ ਨ ਜਾਸੀ,

ਬਿਰਹਨੀ ਅੰਬ ਨੂੰ–

ਅੰਬਾ! ਫਲਦੇ ਹੀ ਰਹੀਓ ਕੋਇਲ ਤਾਹੀਓਂ ਰਹਾਸੀ।

*ਬਿਰਹਨੀ ਕੋਇਲ ਨੂੰ–*

ਹਾਏ, ਵਿਛੁੜੀਂ ਨਾ ਸਹੀਏ! ਤੈਨੂੰ ਦਿਆਂ ਮੈਂ ਦੁਹਾਈ,
ਸਾਡੇ ਬਾਗੀਂ ਹੀ ਰਹੀਏ ਬਿਰਹੋਂ ਗੀਤ ਸੁਣਾਈਂ।

*ਬਿਰਹਨੀ ਸੂਰਜ ਨੂੰ–*

ਸੂਰਜ ! ਦੱਖਣ ਨ ਜਾਈਓ ਰਖੀਓ ਕੋਇਲ ਨੂੰ ਏਥੇ,
ਸਜਾਲਾ ਵਰਜ ਰਹਾਈਓ ਏਹੋ ਬਿਨਤੀ ਹੈ ਤੈਂ ਤੇ!


www.sikhbookclub.com

*ਬਿਰਹਨੀ ਕੋਇਲ ਨੂੰ-*

ਹਾਇ ਕੋਇਲ ਪਿਆਰੀ ਸਾਡੇ ਕੋਲੇ ਰਹਾਣਾ,
ਤੈਥੋਂ ਸਦਕੇ ਮੈਂ ਸਾਰੀ, ਕਲਿਆਂ ਛੱਡ ਨ ਸਿਧਾਣਾ।
ਤੇਰੇ ਗੀਤ ਪਿਆਰੇ ਬਿਰਹੋਂ ਕੂਕ ਕਟਾਰੀ,
ਪਿਯ ਪਰਦੇਸ ਸਿਧਾਰੇ ਉਤੋਂ ਤੇਰੀ ਤਿਆਰੀ!

*ਬਿਰਹਨੀ ਚੰਦ ਤੇ ਪਉਣ ਨੂੰ-*

ਚੰਦਾ! ਠੰਡਕ ਨ ਲਜਾਈਓਂ; ਪੌਣੇ! ਪਾਲਾ ਨ ਪਾਣਾ,

*ਬਿਰਹਨੀ ਕੋਇਲ ਨੂੰ-*

ਸਪੀਏ! ਏਥੇ ਰਹਾਈਓ ਸਾਥੋਂ ਲੜ ਨਾ ਛੁਡਾਣਾ।

*ਬਿਰਹਨੀ ਗਗਨ ਨੂੰ-*

ਗਗਨਾ ਤਪਦੇ ਹੀ ਰਹੀਓ ਕੋਇਲ ਜਾਣੇ ਨ ਦੇਣੀਂ,
ਕੋਇਲ ਸਹੀਏ! ਇਹ ਕਹੀਓਂ: 'ਮੈਂ ਨ ਜਾਸਾਂ,ਨੀ ਭੈਣੀ!'

*ਕੋਇਲ ਬਿਰਹਨੀ ਨੂੰ-*

ਕਾਲੇ ਬਿਰਹੋ ਦੇ ਭੇਸੀਂ ਬਨ ਬਨ ਕੂਕਾਂ ਉਦਾਸੀ,
ਫਿਰਦੀ ਦੇਸ ਬਦੇਸੀਂ ਪ੍ਰੀਤਮ ਦਰਸ ਪਿਆਸੀ;
ਮੈਨੂੰ ਜਾਣ ਦੇ ਕਲਿਆਂ ਤੇਰਾਂ ਪ੍ਰੀਤਮ ਭੀ ਟੋਲਾਂ,
ਬਿਰਹੋਂ ਤੇਰਾ, ਜੇ ਮਿਲਿਆ, ਉਸ ਦੇ ਪਾਸ ਮੈਂ ਫੋਲਾਂ।
ਐਦਾਂ ਰੋ ਨਾਂ ਪਿਆਰੀ! ਸਾਡੇ ਪੱਲੇ ਹੀ ਗ਼ਮ ਹੈ,
ਪਰ ਗ਼ਮ ਪ੍ਰੀਤਮ ਦਾ, ਵਾਰੀ! ਕਿਹੜੀ ਨਜਾਮਤ ਤੋਂ ਕਮ ਹੈ?
ਬਿਰਹੋਂ ਤੀਰ ਦੁਖਾਲਾ ਐਪਰ ਚਖਯਾ ਨ ਜਿਸ ਨੇ
ਜੀਵਨ-ਮਰਮ ਦੁਰਾਲਾ ਭੇਤ ਲਖਯਾ ਨ ਉਸ ਨੇ।

– o –


www.sikhbookclub.com

## ਕਿੱਥੇ ਗਏ !

ਕਿੱਥੇ ਗਏ ਜਨਮ ਦੇ ਦਾਤੇ,
ਪਾਲਣਹਾਰੇ ਮਾਤ ਪਿਤਾ?
ਕਿੱਥੇ ਦਾਈ, ਦਾਇ, ਜਿਨ੍ਹਾਂ ਨੇ
ਪਾਇ ਪੰਘੂੜੇ ਲਾਡ ਦਿਤਾ?
ਬਚਪਨ ਦੇ ਓਹ [illegible]-ਖਿਡਾਰੀ,
ਦੱਸੋ ਕਿਹੜੀ ਲਾਂਭ ਗਏ?
ਭਾਈ, ਪਾਂਧੇ ਮਦਰੱਸੇ ਦੇ
ਕਿੱਥੇ ਹਨ ਉਸਤਾਦ ਗਏ?
ਕਿੱਥੇ ਗਏ ਜਮਾਤੀ-ਬੇਲੀ, ਪੜ੍ਹਦੇ ਸਨ ਜੋ ਨਾਲ ਰਲ?
ਖੇਲੇ ਖੇਲ ਜਿਨ੍ਹਾਂ ਦੇ ਨਾਲੇ, ਕਿੱਥੇ ਹਨ ਓਹ ਚਲੇ ਗਏ?
ਨਾਲ ਨਿਭਣ ਦਾ ਦਮ ਜੋ ਭਰਦੇ,
ਚੜ੍ਹੀ ਜੁਆਨੀ ਯਾਰ ਮਿਲੇ,
ਇਕ ਇਕ ਕਰਕੇ ਗੁੰਮਦੇ ਗੁੰਮਦੇ,
ਕਿਸ ਪਰਦੇ ਵਿਚ ਜਾਇ ਖਲੇ?
ਨਾਲ ਜਿਨ੍ਹਾਂ ਦੇ ਮਿਲ ਮਿਲ ਦੁਆਰੇ,
ਸਾਧੂ ਸੰਤਾਂ ਫਿਰੇ ਸਿਰੋ,
ਕਿੱਥੇ ਸਤਿਸੰਗੀ ਓ ਬੇਲੀ,
ਨਿਭਦੇ, ਪਰ ਨਹੀਂ ਤਾਲ ਤਰੇ?
ਸੇਵ ਕਮਾਈ ਸੰਗਤ ਸੰਦੀ ਜਿਨ੍ਹਾਂ ਸਜਣਾਂ ਨਾਲ ਰਲੇ,
ਕਿੱਥੇ ਗਏ ਓ ਆਪਾ ਵਾਰੂ, ਦੂਲੇ ਦੂਲੇ, ਭਲੇ ਭਲੇ?


www.sikhbookclub.com

ਯਾਦ ਕਰੋ ਜੇ ਵਿੱਛੁੜਿਆਂ ਦੀ,
ਸਾਕ, ਸਾਥੀਆਂ, ਯਾਰਾਂ ਦੀ,
ਆਨ ਖੜੋਂਦੀ ਅਖਾਂ ਅੱਗੇ,
ਭੀੜ ਇਕ ਕਈਂ ਕਤਾਰਾਂ ਦੀ।
ਜੋ ਹੁਣ ਦਿੱਸਦੇ ਛੁਪਦੇ ਜਾਂਦੇ,
ਇਕ ਇਕ ਕਰਕੇ ਗੁੰਮਦੇ ਓ,
ਜਿਵੇਂ ਪ੍ਰਭਾਤੇ ਤਾਰੇ ਛੁਪਦੇ
ਰਾਤ ਰਹੇ ਸਨ ਘੁੰਮਦੇ ਜੋ।
ਕਾਰਵਾਨ, ਜਲ ਨਦੀ ਵਾਙ ਸਭ ਜਾਂਦੇ ਤੁਰਦੇ, ਚਾਲ ਪਏ,
ਦਿੱਸਦੇ ਅੱਜ ਅਟੱਲਵੇਂ, ਕੱਲ ਓ ਸੁਪਨੇ ਵਾਙੂ ਛਏ ਮਏ।
ਚਲੋ ਚਲੀ ਤੇ ਤੁਰੋ ਤੁਰੀ ਦਾ
ਕੂਚ ਨਗਾਰਾ ਵਜਦਾ ਹੈ
ਦਿੱਸਦਾ ਕਿਨੂੰ? ਸੁਣੀਂਦਾ ਕਿਸਨੂੰ?
ਕਿਸਦਾ ਦਿਲ ਪਿਆ ਭਿਜਦਾ ਹੈ?
ਇੱਕ ਇਕੱਲ ਉਦਾਸੀ, ਖਿਰਹੋਂ,
ਹਾਲਤ ਇਕ ਵੈਰਾਗ ਮਈ,
ਪਜਾਰ-ਝਰਨ ਝਰਨਾਂਦੀ, ਸਹੀਓ!
ਹੈਰਤ ਜਾਂਦੀ ਛਈ ਛਈ।
ਆਪਾ ਚੜ੍ਹ ਹੈਰਾਨੀ ਕੁੱਛੜ, ਆਪੇ ਨੂੰ ਵਿਸਰਾਂਦਾ ਏ,
ਵਿਸਮ ਵਿਸਮ ਹੋ ਅਚਰਜ ਅਚਰਜ,
ਘੁਲਦਾ ਘੁਲਦਾ ਜਾਂਦਾ ਏ।

- o -


www.sikhbookclub.com

# ਜੋਦੜੀਆਂ

ਛੰਤ ਮੁਕਤ

## ਤੁਹਾਡੀ ਸੁਗੰਧੀ

ਮੇਰੇ ਸਾਈਆਂ ਜੀਓ !
ਮੈਨੂੰ ਪਤਾ ਨਹੀਂ
ਤੁਸੀਂ ਕਿਸ ਰੂਪ ਰੰਗ ਵਿਚ ਹੋ,
ਪਰ ਮੈਨੂੰ
ਕਦੇ ਕਦੇ
ਅਪਣੇ ਆਤਮਾ ਦੀਆਂ
ਡੂੰਘਾਈਆਂ ਵਿਚੋਂ
ਤੁਹਾਡੀ ਸੁਗੰਧੀ
ਆ ਜਾਂਦੀ ਹੈ,
ਕਾਸ਼ !
ਤੁਹਾਡੇ ਮੇਰੇ ਵਿਚਾਲੇ
ਕੋਈ ਨ ਆਵੇ।

– o –

## ਆ ਮਿਲੋ ਮੈਨੂੰ !

ਹੇ ਪ੍ਰੀਤਮ ਦੇਵ !
ਸੁਖਮਤਾ ਦੀਆਂ ਚੋਟੀਆਂ,
ਚੋਟੀਆਂ ਬਾਦ ਚੋਟੀਆਂ
ਉਤੇ ਚੜ੍ਹ ਚੜ੍ਹ ਕੇ
ਮੇਰੀ ਸੋਚ ਦੀਆਂ ਜੰਘਾਂ
ਥੱਕ ਪਈਆਂ ਹਨ।
ਹਾਂ, ਪ੍ਰੀਤਮ ਦੇਵ !
ਤੇਰੀ ਅਰੂਪਤਾ ਦੇ
ਗਗਨਾਂ ਦੀਆਂ ਉਚਿਆਈਆਂ ਵਿਚ
ਉੱਡ ਉੱਡ ਕੇ
ਮੇਰੇ ਖਜਾਲ ਖੰਭ ਹੁੱਟ ਗਏ ਹਨ।
ਹਾਂ, ਦਾਤਾ !
ਅਜੇ ਕਿੰਨੀ ਕੁ ਦੂਰ?
ਪ੍ਰੀਤਮ ਦੇਵ !
ਕੋਈ ਪ੍ਰਤੀਤੀ ਦੇ ਜਾ ਸਕਣ ਵਾਲੀ ਰੂਪਤਾ ਧਾਰਕੇ,
ਕੋਈ ਲਖੀ ਜਾ ਸਕਣ ਵਾਲੀ
ਅਸੁਖਮਤਾ ਦਾ ਜਾਮਾ ਪਹਿਨਕੇ,
ਆ ਮਿਲੋ ਮੈਨੂੰ;
ਹੁਣ ਤਾਂ ਤਾਣ ਹੋਰ ਅਗੇ ਜਾਣੋ
ਹਾਰ ਖਲੋਤੇ !

– o –

## ਅਰਦਾਸ

ਹੇ ਮੇਰੇ ਸਾਈਆਂ ਜੀਓ !
ਮੇਰਾ ਚਿਤ ਨਿਤ ਕਰਦਾ ਹੈ
ਜੋ ਮੇਰਾ ਮਨ ਮੰਦਰ
ਸਦਾ ਤੁਸਾਂ ਦਾ ਸੁਖਆਸਨ
ਸਜਿਆ ਰਹੇ,-
ਹਾਂ, ਤੁਸਾਂ ਦੀ ਮਿੱਠੀ ਮਿੱਠੀ
ਰਸ ਭਿੰਨੜੀ ਯਾਦ ਦਾ।

... ... ...

ਹਾਂ, ਸਾਈਆਂ ਜੀਓ !
ਮੇਰੀ ਮਨ ਮੁਰਾਦ
ਉਛਾਲੇ ਲੈਂਦੀ ਰਹਿੰਦੀ ਹੈ
ਕਿ
ਏਥੋਂ ਕਿਸੇ ਅਰਦਾਸ ਦੀ
ਕੋਈ ਸੱਦ ਨਾਂ ਉੱਠੇ;
ਤੁਸਾਂ ਦੇ ਸੁਹਣੇ ਸੁਹਣੇ
ਸੰਗੀਤਕ ਕੰਨਾਂ ਵਿਚ
ਕੋਈ ਖਰ੍ਹਵੀ ਖਰ੍ਹਵੀ ਆਵਾਜ਼,
ਕੋਈ ਝੀਣੀ ਝੀਣੀ ਬਾਣ
ਨਾ ਅੱਪੜੇ।
ਪਰ ਜੀਓ ਜੀ !

ਤੱਕੋ ਨਾ !

ਅੱਜੇ ਮੇਰੇ ਮਨ ਮੰਡਲਾਂ ਵਿਚੋਂ

ਮੱਲੋ ਮੱਲੀ

ਉਠਦੀ ਹੈ ਅਰਦਾਸ;

ਇਕ ਨਿੱਕੀ ਜਿਹੀ ਅਰਜ਼ੋਈ

ਪਰ ਲਾ ਲਾ ਕੇ ਉਡਾਰ ਹੁੰਦੀ ਹੈ-

ਅੱਪੜਾਂ ਤੁਸਾਡੇ ਦੇਸ।

ਮੈਂ ਤਿਤਰੀ ਵਾਲਾ ਤਾਣ

ਤਾਂ ਲਾਇਆ ਹੈ ਬਥੇਰਾ

ਪਰ

ਅੱਜ ਇਹ ਅਰਦਾਸ ਦੀ ਬੁਲਬੁਲ

ਤੁਹਾਡੇ ਸਦਾ ਖਿੜੇ ਗੁਲਜ਼ਾਰ ਵਿਚ

ਅੱਪੜਨੋ ਰੁਕਦੀ ਨਹੀਂ।

... ... ...

ਸੁਹਣੇ ਜੀਓ !

ਹੁਣ ਮੈਂ ਕਿੰਵ ਕਰਾਂ ?

ਕੂਲੇ ਕੂਲੇ ਦਿਲਵਾਲੇ ਦਾਤਾ ਜੀਓ !

ਉਪ੍ਰਾਮ ਨਾ ਹੋਵਿਓ,-

ਇਸ ਢੋਕ ਨਿਮਾਣੀ ਦੇ ਫੇਰੇ

ਇਸ ਸਦਾ ਵਿਛੀ,

ਨਿਤਾਣੇ ਮਨ ਮੰਦਰ ਦੀ ਸੇਜਾ ਨੂੰ


www.sikhbookclub.com

ਪਿਆਰੇ ਪਿਆਰੇ ਚਰਨਾਂ ਦੀ
ਮਲੂਕ ਮਲੂਕ ਛੂਹ ਨਾਲ
ਸੁਭਾਗ ਕਰਨੋ
ਕਦੇ ਸੋਚ ਵਿਚ ਨਾਂ ਪਵਿਆ ਜੇ !

... ... ...

ਮਿਹਰਾਂ ਵਾਲੇ ਸਾਂਈਆਂ ਜੀਓ !
ਮਿਹਰਾਮਤਾਂ ਨਾਲ
ਸਦਾ ਦ੍ਰਵੇ ਚਿਤ
ਪੰਘਰੇ ਪੰਘਰੇ ਦਿਲ ਵਾਲੇ
ਦਾਤਾ ਜੀਓ !
ਮੇਰੇ ਤਾਣ ਹੀਨ ਦਿਲ ਦੀ
ਅਰਜ਼ੋਈ,
ਜੋ ਮੈਥੋਂ ਬੇਵਸੀ ਹੋ
ਅਧ ਅਸਮਾਨਾਂ ਵਿਚ ਬੀ
ਉਡਾਰੀ ਲਾ ਗਈ ਹੈ,
ਦੀ
ਨਿੱਕੀ ਜਿਹੀ ਪੁਕਾਰ ਸੁਣ ਲਵਿਓ !

... ... ...

ਹਾਂ, ਰਹਿਮਤਾਂ ਵਾਲੇ ਰਬ ਜੀਓ !
ਜਿਤ ਘਰ, ਜਿਤ ਦਰ
ਸਦਾ ਅਰਸ਼ੀ ਸੰਗੀਤ


www.sikhbookclub.com

ਮਿੱਠੇ ਮਿੱਠੇ ਰਾਗ
ਪਿਆਰੇ ਪਿਆਰੇ ਨਾਦ
ਹੋ ਰਹੇ ਹਨ,
ਉਸ ਕੀਰਤਨ ਵਾਲੇ ਦਰ
ਮੇਰੀ,
ਇਸ ਪਰਦੇਸਣ ਚਿੜੀਆ ਦੀ,
ਕੰਬਦੀ, ਥ੍ਰਰਾਉਂਦੀ ਤੇ
ਖਿੜਕਦੀ ਖਿੜਕਦੀ
ਇਕ-ਸੁਰੀ ਤੇ ਮਹੀਨ ਜੇਹੀ
ਚਿਹ ਚਿਹ ਸੁਣ ਲਵਿਆ ਜੇ।

... ... ...

ਸਾਂਈਆਂ ਜੀਓ !
ਕੂਲੇ ਕੂਲੇ ਦਾਤਾ ਜੀਓ !
ਸੁਹਣੇ ਸੁਹਣੇ ਦਾਤਾ ਜੀਓ !
ਮਿੱਠੇ ਮਿੱਠੇ ਦਾਤਾ ਜੀਓ !
ਮੇਰੀ ਅਰਜ਼ੋਈ ਇਹ ਹੈ :
ਜੋ ਮੇਰੇਂ ਮਨ ਅੰਦਰ
ਕੋਈ ਓਪਰਾ ਨਾ ਵੜੇ !
ਮੇਰੇ ਪਹਿਰੇ,
ਮੇਰੀਆਂ ਚੌਕ ਸਤਾਈਆਂ
ਮੇਰੇ ਤਾਣ ਲਾਉਂਦਿਆਂ

ਲਾਉਂਦਿਆਂ
ਮੰਦਰ ਦੇ ਓਹ ਬੂਹੇ,
ਜੋ ਕੇਵਲ
ਆਪ ਦੇ ਸੋਹਣੇ ਆਗਮ ਵੇਲੇ
ਖੁੱਲ੍ਹਦੇ ਹਨ,
ਧੱਕੇ ਤੇ ਧਸਕਾਂ ਖਾਣ ਲਗ
ਜਾਂਦੇ ਹਨ।
ਪਤਾ ਨਹੀਂ ਕੌਣ ਹਨ?
ਮੇਰੇ ਨੀਝਾਂ ਲਾ ਲਾ ਤੱਕਿਆਂ ਬੀ
ਮੈਨੂੰ ਨਹੀਂ ਦਿੱਸਦੇ
ਜੋ
ਉਨਾਂ ਨਾਜ਼ਕ ਤਖਤਿਆਂ ਨੂੰ
ਹੁੱਝਾਂ ਦੇਂਦੇ ਹਨ;
ਹਾਂ,
ਮੰਦਰ ਦੇ ਬੰਦ ਕਪਾਟਾਂ ਦੇ
ਅੰਦਰ ਬੈਠੀ ਤੁਸਾਡੀ ਯਾਦ
ਨੂੰ ਇਹ ਤੌਖਲਾ ਪੈ ਜਾਂਦਾ ਹੈ:
ਮਤਾਂ ਕੋਈ ਹੋਰ ਨਾ ਆ ਵੜੇ
ਤੁਹਾਡੀ
ਏਸ ਆਰਾਮਗਾਹ ਦੇ ਵਿਚ।

... ... ...


www.sikhbookclub.com

ਜੀਓ ਜੀ !
ਸੁਹਣੇ ਸੁਹਣੇ ਜੀਓ !
ਮੇਰੇ ਤਾਣ ਸਦਾ ਨਿਤਾਣੇ ਹਨ,
ਜੇ ਤੁਸਾਡੇ ਮੰਦਰ ਅੰਦਰ
ਕੋਈ ਲੰਘ ਆਇਆ
ਤਾਂ ਕਿੰਵ ਆਇਆ
ਤਾਂ ਕਿੰਵ ਰਖਸਾਂ
ਤੁਹਾਡਾ ਟਿਕਾਣਾ ਤੁਹਾਡੇ ਜੋਗ?
ਕਿੰਵ ਰਖਸਾਂ
ਤੁਹਾਡੀ ਸੁਖ ਸੇਜਾ ਤੁਸਾਂ ਦੇ ਲੈਕ?
ਕਿੰਵ ਰਖਸਾਂ
ਤੁਹਾਡੀ ਬਸ ਰਹੀ ਬਾਸ ਨੂੰ
ਤੁਹਾਡੇ ਸੁੰਘਣ ਜੋਗ?
ਤੁਹਾਡੇ ਸੁਗੰਧੀਆਂ ਤੋਂ ਸੂਖਮ
ਸੁਗੰਧੀਆਂ ਲਪਟਾਂ ਤੇ ਮਹਿਕਾਂ
ਵਾਲੇ ਸ੍ਵਾਸਾਂ ਨਾਲ ਪਵਿਤ੍ਰ
ਹੋਏ ਵਾਯੂ ਮੰਡਲ ਨੂੰ
ਕਿੰਵ ਪੁਨੀਤ ਤੇ ਪਾਵਨ ਰਖ
ਸਕਸਾਂ?

... ... ...

ਲਓ ਸੁਣੋ,
ਸਾਂਈਆਂ ਜੀਓ, ਜੀਓ ਜੀ,
ਹੁਣੇ
ਬਾਹਰੋਂ ਕੋਈ ਬੂਹਾ ਪਿਆ
    ਖੜਕਾਉਂਦਾ ਹੈ
ਤੇ ਆਖਦਾ ਹੈ:
ਸਾਡੀ ਬੀ ਅਰਦਾਸ ਭੇਜ।
ਮੈਂ ਪੁੱਛਿਆ ਹੈ:
ਤੂੰ ਕੌਣ ਹੈਂ?
ਤਾਂ ਅਵਾਜ਼ ਆਈ ਹੈ:-
'ਲੋੜ'
ਤੇਰੇ ਮਨ ਦੀ ਲੋੜ,
ਤੇਰੇ ਤਨ ਦੀ ਲੋੜ,
ਤੇਰੇ ਤਨ ਦੇ ਨਾਤੇਦਾਰਾਂ ਦੀ ਲੋੜ,
ਤੇਰੇ ਤਨ ਤੋਂ ਉਪਜੇ ਨਿਪਜੇ
    ਸਹੇੜੇ ਵਾਸਤੇਦਾਰਾਂ ਦੀ ਲੋੜ,
ਉਨ੍ਹਾਂ ਦੀਆਂ ਗ਼ਰਜ਼ਾਂ ਦੀ ਲੋੜ;
ਹਾਂ ਜੀਓ !
ਤੁਹਾਡੇ 'ਕੀਤੇਂ' ਨੂੰ
'ਤੁਹਾਥੋਂ' ਮਿਠਾ ਲਵਾ ਦੇਣ ਦੀ ਲੋੜ।

... ... ...


www.sikhbookclub.com

ਦਾਤਾ ! ਸਾਈਆਂ ਜੀਓ !
ਮੈਂ ਤਾਕਾਂ ਦੀਆਂ ਝੀਤਾਂ ਵਿਚੋਂ
ਗਹੁ ਲਾ ਤੱਕਿਆ ਹੈ,
ਮੈਨੂੰ ਦਿੱਸਦਾ ਕੋਈ ਨਹੀਂ
ਪਰ ਪਲੇ ਪਲੇ
ਆਉਂਦੀ ਹੈ
ਇਹ ਤ੍ਰਬ੍ਰਕਾ ਦੇਣ ਵਾਲੀ ਆਵਾਜ਼।

... ... ...

ਮੇਰੇ ਸੁਹਣੇ ਸਾਈਆਂ ਜੀਓ !
ਮੈਂ ਤਾਂ ਅੱਜ ਤੁਸਾਡੇ ਮੰਦਰ ਵਿਚ
ਤੁਹਾਡੀ ਸੇਜਾ ਵਿਛਾਕੇ ਬੈਠੀ ਸਾਂ,
ਮੈਂ, ਹਾਂ ਜੀ,
ਆਪ ਸੇਜਾ ਹੋਈ ਬੈਠੀ ਸਾਂ।
ਹੇ ਮਹਿੰਡੇ ਪਾਤਸ਼ਾਹ !
ਮੈਂ ਤਾਂ ਸੇਜਾ ਉਤੇ
ਨੈਣਾਂ ਦੇ ਸਿਰਹਾਣੇ ਵਿਛਾਏ ਸਨ,
ਮੈਂ ਅਜ ਨਿਰਮਲ ਨਿਰਮਲ ਨੀਰ
ਸੰਗੀਤ ਦੀਆਂ ਸੁਰਾਂ ਵਿਚੋਂ
ਤੁਪਕਾ ਤੁਪਕਾ
ਕੱਠਾ ਕੀਤਾ ਸੀ


www.sikhbookclub.com

ਜੋ
ਜਿਸ ਵੇਲੇ ਤੁਸੀਂ ਆਕੇ
ਬਿਰਾਜੋਗੇ
ਤਾਂ ਤੁਸਾਡੇ ਕੂਲੇ ਕੂਲੇ ਚਰਨਾਂ ਨੂੰ
ਧੋਵਾਂਗੀ
ਤੇ
ਪਿਆਰ ਝਿੰਮਣੀਆਂ ਦੇ
ਸ਼ਾਫਿਆਂ ਨਾਲ ਪੂੰਝਾਂਗੀ;
ਹਾਂ ਮੈਂ,
ਮਿੱਠੇ ਮਿੱਠੇ ਚਰਣਾਂ ਨੂੰ
ਚੁੰਮਦੀ ਚੁੰਮਦੀ
ਨਿਹਾਲ ਹੁੰਦੀ ਹੁੰਦੀ
ਖਿੜਦੀ ਜਾਵਾਂਗੀ
ਜਿਵੇਂ ਕਦੇ ਨਹੀਂ ਖਿੜੇ
ਡਾਢੇ ਖਿੜੇ ਹੋਇਆਂ ਤੋਂ ਬੀ
ਡਾਢੇ ਖਿੜੇ ਹੋਏ ਕਮਲ,
ਪਰ ਵਾਹਵਾ,
ਮੈਨੂੰ ਤਾਂ ਅਜ ਅਰਦਾਸ ਕਰਨੀ
ਪੈ ਗਈ
ਜੋ ਦਾਤਾ ਸਾਂਈਂ


www.sikhbookclub.com

ਸੋਹਣੇ ਸੋਹਣੇ ਜੀਓ !
ਐਤਨੀ ਹੈ ਕਿ -
"ਮੇਰੇ ਮਨ ਮੰਦਰ ਦੇ ਅੰਦਰ
ਕਿਸੇ ਹੋਰਸ ਦਾ ਫੇਰਾ ਨ ਪਵੇ,
ਮੇਰੀਆਂ ਲੋੜਾਂ ਆਪਣੀ ਮੌਤੇ
ਆਪ ਮਰ ਜਾਣ,
ਇਨ੍ਹਾਂ ਧੂੜੀ ਭਰੀਆਂ ਲਈ
ਕੋਈ ਅੱਥਰੀ ਅਵਾਜ਼
ਕੋਈ ਅੱਥਰੀ ਕਨਸੋ
ਭੁੱਲਕੇ ਬੀ,
ਸੁਪਨੇ ਵਿਚ ਬੀ
ਮੈਂ ਨਾ ਅਪੜਾਵਾਂ
ਸਾਂਈਆਂ ਜੀ ਦੇ ਦੇਸ।
ਹਾਂ ਦਾਤਾ !
ਏਹ ਮਰਨ ਅਪਣੀ ਮੌਤੇ
ਮੈਂ ਨਾ ਸੁਣਾਂ ਇਨ੍ਹਾਂ ਦੀ
ਆਵਾਜ਼
ਮੈਂ ਸਾਂਈਆਂ ਜੀਓ !
ਸਦਾ ਉਡੀਕਵੰਦ ਰਹਾਂ,
ਸਦਾ ਦਰ ਖੜੀ,
ਸਦਾ ਤੁਹਾਡੇ ਕੂਲੇ ਕੂਲੇ ਚਰਨਾਂ


www.sikhbookclub.com

ਨਾਲ ਪਵਿਤ੍ਰ ਹੋਈਆਂ
ਪੰਧਾਂ ਤੱਕਦੀ ਰਹਾਂ
ਹਾਂ, ਤੱਕਦੀ ਰਹਾਂ:
ਕਦੋਂ ਆਂਵਦੇ ਹੋ;
ਹਾਂ ਜੀਓ !
ਤ੍ਰਬ੍ਰਕ ਤ੍ਰਬ੍ਰਕ ਉਠਾਂ:
'ਔਹ ਆ ਗਏ',
'ਔਹ ਆ ਗਏ';
ਤੁਸਾਡੇ ਸੁਹਣੇ ਸੁਹਣੇ ਆਗਮ
ਤੁਸਾਡੇ ਭਾਗੋ ਭਰੇ ਆਗਮ,
ਮਲਕੜੇ ਮਲਕੜੇ ਆ ਵੜੋ,
ਆ ਵੜੋ,
ਮੇਰੇ ਤੁਸਾਂ ਲਈ ਤਾਂਘ ਰਹੇ
ਅੰਙਣੇ ਪ੍ਰਵੇਸ਼ ਕਰੋ
ਮੇਰੇ ਮਨ ਮੰਦਰ ਦੇ ਅੰਦਰ,
ਜਿਥੇ ਹੋਰ ਕੋਈ ਓਪਰਾ ਨਹ
ਬਿਨਾਂ ਤੁਸਾਡੀ ਅਪਣੀ
ਅਪਣਾਈ
ਤੇ ਅਪਣੀ ਕੀਤੀ
ਰਸਭਿੰਨੜੀ ਯਾਦ ਦੇ।
ਹਾਂ, ਜਿਥੇ ਵਸਦੀ ਹੈ


www.sikhbookclub.com

ਤੁਸਾਡੇ ਲਈ ਸਦਾ ਤੜਫਦੀ
ਤੁਹਾਡੇ ਮਿਲਣ ਦੀ ਮੇਰੀ
ਦਿਲ ਪੀੜਾ
ਜੋ ਸਾਂਈਆਂ ਜੀਓ !
ਤੁਸਾਡੀ ਯਾਦ ਨੂੰ ਸਦਾ ਕੁਮਾਰ
ਸਦਾ ਮੁਟਿਆਰ
ਸਦਾ ਜੋਬਨ ਭਰੀ
ਸਦਾ ਜੁਆਨੀ ਦੇ ਲਹਿਰੇ ਲੈਂਦੀ
ਹੁਲਾਰਿਆਂ ਦੇ ਰੰਗ ਵਿਚ
ਰਖਦੀ ਹੈ।"

... ... ...

ਸਾਂਈਂ ਦਾਤਾ ਜੀ !
ਉਪਰਾਮ ਨਾਂ ਹੋਵਿਓ,
ਮੇਰੀ ਅਰਦਾਸ ਸੁਣ ਲਵਿਓ;
ਮੇਰੇ ਮਨ ਮੰਦਰ ਨੂੰ
ਆਪਣਾ ਸੁਖ ਆਸਣ ਬਣਾਈ
ਰਖਿਓ
ਤੁਸੀਂ
ਬ੍ਰਹਮੰਡ ਦੇ ਕਾਰਜ ਸੰਵਾਰੋ,
ਮੈਂ
'ਯਾਦ' ਦੀਆਂ

ਪਿਆਰ ਭਰੀਆਂ ਅੱਖਾਂ ਨਾਲ
ਤੱਕ ਤੱਕ ਖਿੜਾਂ।
ਇਹ ਢੋਕ ਨਿਮਾਣੀ
ਤੁਸਾਡੇ ਨਿਮਾਣੇ ਮਾਣਨ
ਤੇ
ਗਰੀਬ ਨਿਵਾਜਣ
ਦਾ
ਸੁਖ ਆਸਨ,
ਤੁਸਾਡੇ ਬਸੇਰੇ ਦਾ ਨਸ਼ੇਮਨ
ਹਾਂ
ਤੁਸਾਡੇ ਮਨ ਪਸਿੰਦ ਦਾ
ਸਦਾ ਬਣਿਆ ਰਹੇ
ਟਿਕਾਣਾ।

- o -


www.sikhbookclub.com

# ਮਿੱਠੀਆਂ ਉਡੀਕਾਂ

ਸ਼ਾਮਾਂ ਪੈ ਗਈਆਂ।
ਸਹਿਮਵਾਂ ਸਹਿਮਵਾਂ ਹਨੇਰਾ ਛਾ ਗਿਆ।
ਮੈਂ ਜਾਤਾ: ਮਤੇ ਅਜ ਤੁਸੀਂ ਹਨੇਰੇ ਹਨੇਰੇ ਆਓ,
ਮੈਂ ਗਲੀ ਦਾ ਦੀਵਾ ਗੁੱਲ ਕੀਤਾ,
ਅੰਙਣ ਦੀ ਜੋਤਿ ਬੁਝਾਈ,
ਘਰ-ਅੰਦਰ ਦਾ ਦੀਵਾ ਹਿਸਾ ਦਿੱਤਾ।
ਮੈਂ ਹਨੇਰੇ ਬਹਿ ਰਹੀ ਤੇ ਵਿਚ ਉਡੀਕਾਂ ਪੈ ਰਹੀ,
ਮਤੇ ਅਜ ਤੁਸਾਂ ਮਲਕੜੇ ਮਲਕੜੇ
ਚੁਪ ਕਰੀਤੇ, ਹਨੇਰੇ ਹਨੇਰੇ ਆਉਣਾ ਹੋਵੇ!

... ... ...

ਕੋਈ ਨਹੀਂ ਹੁਣ ਮੇਰੇ ਅੰਦਰ
ਕੁਛ ਨਹੀਂ ਦੀਹਦਾ ਮੇਰੇ ਮੰਦਰ,
ਬੱਸ, ਮੈਂ ਤੇ ਹਨੇਰਾ;
ਮੈਂ ਕਿਹਾ: ਜੇ ਹਨੇਰੇ ਹਨੇਰੇ ਆਏ,
ਜੀਉ ਆਏ,
ਅਖੀਂ ਸੁਖ ਕਲੇਜੇ ਠੰਢ :
ਪਰ ਜਦ ਆਏ ਤਾਂ ਤੱਕਸਾਂ ਕਿਂਞ ?
ਦਰਸ਼ਨ ਕਰਸਾਂ ਕਿਂਞ ?
ਅਖੀਂ ਠਰਸਨ ਕਿਂਞ ?
ਨਜ਼ਰਾਂ ਦੀ ਤੜਪ ਮਿਟਸੀ ਕਿਂਞ ?

... ... ...

ਹੈਂ ! ਆਹ ਕੀ ਕੜਾਕਾ ਵੱਜਾ ?
    ਮਤੇ ਆਏ ?
ਮੈਂ ਉਠ ਦਰੀਚਿਓਂ ਤੱਕੀ
    ਤਾਂ ਬਿਜਲੀ ਪਈ ਲਿਸ਼ਕੇ ਤੇ ਕੜਕੇ।
ਹਾਇ, ਮੈਂ ਮੋਈ !
ਤੁਸੀਂ ਤਾਂ ਭਾਵੇਂ ਅਜ ਆਤਸ਼ਬਾਜ਼ੀਆਂ ਚਲਾਂਦੇ,
    ਸ਼ਾਖ਼ੇ ਮਿਸਾਲਾਂ ਬਾਲਦੇ ਆ ਰਹੇ ਹੋ ?

... ... ...

ਮੈਂ ਕਾਹਲੀ ਕਾਹਲੀ ਉੱਠੀ,
    ਅੰਦਰ ਦੀ ਜੋਤਿ ਜਗਾਈ,
    ਅੰਙਣ ਦੇ ਦੀਵੇ ਨੂੰ ਲੋ ਲਾਈ,
    ਗਲੀ ਦਾ ਚਰਾਗ਼ ਰੌਸ਼ਨ ਕੀਤਾ,
    ਛੇਤੀ ਛੇਤੀ, ਕਾਹਲੀ ਕਾਹਲੀ;
ਮੈਂ ਜਾਤਾ: ਮਤੇ ਤੁਸੀਂ ਹੁਣ ਚਾਨਣਿਆਂ ਨਾਲ ਆ ਰਹੇ ਹੋ,
    ਕਿਤੇ ਹਨੇਰਾ ਤੱਕ ਕੇ ਮੁੜ ਨਾ ਜਾਓ,
    ਤੇ ਮੈਂ ਉਡੀਕਾਂ ਵਿਚ ਹੀ ਰਹਿ ਜਾਵਾਂ।
ਆਂਢ ਗੁਆਂਢ ਗਲੀ ਮਹੱਲੇ ਬੀ ਮੈਂ ਸੁਨੇਹੇ ਘੱਲੇ:
    ਲੋਕੋ ! ਦੀਵੇ ਬਾਲ ਦਿਓ,
    ਦਲ੍ਹੀਜਾਂ ਦੀਆਂ ਡਿਵੱਟਣਾਂ ਤੇ ਟਿਕਾ ਦਿਓ।
ਹੁਣ ਮੈਂ ਬੁਖਾਰਚੇ ਹੋ ਬੈਠੀ,
ਅਖਾਂ ਰਾਹਾਂ ਤੇ ਲਾ ਨਜ਼ਰਾਂ ਵਿਛਾ ਦਿੱਤੀਆਂ;


www.sikhbookclub.com

ਮੇਰੇ ਮਿੱਠੇ ਸਾਂਈਂ !
    ਹੁਣ ਆਓ ਨਾਂ !
    ਘਰ ਬਾਰ ਸਾਰੇ ਚਾਨਣਾ ਹੈ,
    ਆਓ ਨਾਂ ਮੇਰੇ ਨੂਰੀ ਨੂਰ !

... ... ...

ਘਟਾ ਚੜ੍ਹ ਆਈ, ਨੀਵੀਂ ਹੋ ਆਈ,
ਵਿਚ ਵਿਚ ਬਿਜਲੀ ਲਿਸ਼ਕਦੀ ਹੈ,
ਮੀਂਹ ਛਹਿਬਰ ਲਾ ਵੁੱਠਾ।
ਗਲੀਆਂ ਰਾਹ ਚਿਕੜ ਚਿਕੜ
    ਹੋ ਗਏ
ਗਲੀ ਦਾ ਪਾਂਧਾ ਮੇਰੇ ਘਰ ਆ
    ਕੂਕਿਆ:
ਭੋਲੀਏ ! ਐਡੇ ਮੀਂਹਾਂ ਬਿਜਲੀਆਂ
    ਵਿਚ,
ਗਲੀਏਂ ਚਿਕੜਾਂ ਵਿਚ
ਪਾਤਸ਼ਾਹ ਬੀ ਕਦੇ ਆਏ ਹਨ ?
ਕਹੁ ਹੁਣ ਦੀਵੇ ਬੁਝਾ ਸਵੀਂਏ।
ਝੱਲੀ ਦਾ ਜੀਉੜਾ ਥਰਰ ਥਰਰਾ
    ਗਿਆ :
ਹਾਇ ਬੇਅਦਬੀ,
ਐਡੇ ਚਿੱਕੜਾਂ ਵਿਚ ਸੱਦ ਰਹੀ ਹਾਂ !

ਮੈਂ ਕਿਹਾ :
    ਹਾਂ ਪੰਡਤ ਜੀ !
ਦੀਵੇ ਹਿਸਾ ਦਿਓ।
ਪੰਡਤ ਪਿਠ ਮੋੜ ਟੁਰ ਗਿਆ
ਮੈਂ ਬੁਖਾਰਚੇ ਬੈਠੀ ਹਾਂ ਅਜੇ।
ਇਕ ਬੁੱਲਾ ਆਇਆ ਹਨੇਰੀ ਦਾ,
ਸਭ ਦੀਵੇ ਬੁਝਾ ਗਿਆ,
ਪੰਡਤ ਵਿਚਾਰਾ ਦੀਵੇ ਬੁਝਾਣ
    ਆਇਆ ਸੀ,
ਲਗਾ ਠੇਡੇ ਖਾਣ।
ਹਨੇਰਾ ਘੁੱਪ, ਹਨੇਰਾ ਘੁੱਪ, ਚੁੱਪ,
ਕੋਈ ਨ ਬੋਲੇ
ਇਕ ਹਨੇਰੀ ਰੌਲਾ ਪਾਵੇ
ਹੋਰ ਚੁੱਪ,
ਮੈਂ ਅਜੇ ਬਾਰੀ ਵਿਚ ਬੈਠੀ ਹਾਂ
ਮਤੇ ਤੁਸੀਂ ਆ ਜਾਓ !

... ... ...

ਹਾਇ, ਮੈਂ ਮੂਰਖ
ਕਿਡੇ ਔਖੇ ਵੇਲੇ ਦਿਲ-ਸੁਨੇਹੇ
    ਘੱਲ ਰਹੀ ਹਾਂ,
ਆਓ, ਮੈਂ ਉਡੀਕਾਂ ਵਿਚ ਬੈਠੀ ਹਾਂ,
ਪਰ ਕੀ ਕਰਾਂ ?

 www.sikhbookclub.com

ਰਾਹਾਂ ਹਨੇਰੀਆਂ, ਪਰ ਤੇਰੀਆਂ,
ਚਿਕੜ੍ਹਾਲੀਆਂ,
ਪਰ ਸਿਰਦੇ ਸਾਂਈਂ ਵਾਲੀਆਂ।
ਹਾਂ, ਮੈਂ ਅਜੇ ਉਡੀਕ ਵਿਚ ਬੈਠੀ
ਹਾਂ,
ਮਤੇ ਆ ਜਾਓ।

... ... ...

ਬਿਜਲੀ ਤੁਰਗਈ
ਅੱਖ ਦੇ ਪਲਕਾਰੇ ਵਿਚ ਛਪਨ
ਹੋ ਗਈ
ਪਤਾ ਨਹੀਂ, ਕੋਈ ਆਂਦ੍ਰਾਂ ਨੂੰ
ਧੂਹ ਪਈ ਸੂ।
ਘਟਾ ਬੀ ਲੋਪ ਹੋ ਗਈ;
ਨੀਲਾ ਨੀਲਾ ਧੋਤਾ ਧਾਤਾ
ਨਿਰਮਲ ਸਾਫ ਗਗਨਾ ਲਿਸ਼ਕ
ਆਇਆ,
ਕੁੱਛੜ ਨੂਰ ਦਾ ਟੁਕੜਾ ਚੰਦ
ਚਾਇਆ ਹੋਯਾ
ਅਗੋ ਤਾਰੇ ਖਿਲਾਰੇ ਹੋਏ।
ਮੈਂ ਅਜੇ ਉਡੀਕ ਵਿਚ ਬੈਠੀ ਹਾਂ
ਮਤੇ ਆ ਜਾਓ।

... ... ...

ਵੇਲਾ ਔਖਾ ਹੈ ਪਰ ਹੁਣ ਚੰਨੇ ਦੀ
ਚਾਨਣੀ ਹੈ,
ਹਾਇ, ਪਰ ਰਾਹਾਂ ਵਿਚ ਚਿਕੜ ਹੈ
ਤੁਸੀਂ ਕਿੰਵ ਸੁਹਣੇ ਕਦਮ ਮੈਲੇ
ਰਾਹਾਂ ਤੇ ਧਰਸੋ ?
ਹਾਇ, ਨਾ ਖੇਚਲ ਕਰੋ ਨਾਂ !

... ... ...

ਪਰ ਮੇਰਾ ਚੰਦ੍ਰਾ ਜੀ ਅਜੇ ਉਡੀਕਾਂ
ਵਿਚ ਬੈਠਾ ਹੈ।
ਹਾਂ, ਤੱਕੋ ਨਾਂ, ਹੁਣ ਤਾਂ ਚਾਂਦਨੀ
ਨੇ ਆਪਣਾ ਚਿੱਟਾ ਚਿੱਟਾ
ਸੁਹਣਾ ਸੁਹਣਾ ਆਪਾ
ਚਿੱਕੜਾਂ ਉਤੇ ਵਿਛਾ ਦਿੱਤਾ ਹੈ,
ਤੁਹਾਡੀਆਂ ਰਾਹਾਂ ਤੇ ਸੁਫੈਦ
ਮਖਮਲੀ ਫਰਸ਼ ਵਿਛ ਗਏ
ਹਨ;
ਮੈਂ ਜਾਤਾ ਮਤੇ ਤੁਸੀਂ ਹੁਣੇ
ਆ ਜਾਓ,
ਮੈਂ ਤਦੇ ਉਡੀਕ ਵਿਚ ਬੈਠੀ ਹਾਂ।

... ... ...

ਤਾਰੇ ਧ੍ਰੂ ਦੇ ਉਦਾਲੇ ਭੌਂਦੇ ਆਪ
ਘੁਮਾ ਗਏ,
ਤੁਸਾਡੀਆਂ ਰਾਹਾਂ ਉਤੇ ਚਾਨਣ
ਦੇ ਫੁਲ ਬਰਸਾਂਦੇ,
ਚੁਪ ਗਾਂਦੇ, ਨਾਚ ਪਾਂਦੇ,
ਮਿੱਠੇ ਮਿੱਠੇ ਅੱਖ-ਮਟੱਕਿਆਂ
ਦੇ ਸਿਹਰੇ ਪੁਰੋ ਪੁਰ ਹੇਠਾਂ
ਸੱਟਦੇ, ਫੇਰਾ ਪਾ ਗਏ,
ਚੰਦ ਹੋ ਗਿਆ ਨੀਵਾਂ।
ਹਾਂ, ਬੰਬੀਹਾ ਬੋਲ ਪਿਆ,
ਪਜਾਰ ਝਰਨਾਟਾਂ ਵਾਲਾ,
ਵਿੰਨ੍ਹੇ ਦਿਲ ਵਾਲਾ ਬੋਲ ਪਿਆ।
ਮੈਂ ਜਾਤਾ ਤੁਸੀਂ ਹੁਣ ਆਓਗੇ।
ਦੇਖੋ ਨਾ ਕੇਡਾ ਸੁਹਣਾ
ਕੀਰਤਨੀਆ ਹੈ,
ਜਸ ਗਾਂਦਾ ਹੈ, ਵਾਜਾਂ ਮਾਰਦਾ ਹੈ,
ਪੀ ਪੀ ਪੀਆ ਪੀਆ ਕੂਕਦਾ ਹੈ,
ਕੇਡਾ ਮਿੱਠਾ ਲਗਦਾ ਹੈ,
ਮੇਰੇ ਜਾਣੇ ਤੁਹਾਡੇ ਮਨ ਨੂੰ
ਭਾਉਂਦਾ ਹੈ,


www.sikhbookclub.com

ਤਦੇ ਮਿੱਠਾ ਗਾਉਂਦਾ ਹੈ,
ਤੁਸੀਂ ਸੁਣਨ ਆਓਗੇ,
ਮੈਂ ਤਦੇ ਉਡੀਕ ਵਿਚ ਬੈਠੀ ਹਾਂ।

... ... ...

ਪੂਰੇ ਪਹੁ ਫੁਟਾਲੇ ਦੀ ਪਹਿਲੀ ਨੂਰ
ਰੇਖਾ ਦਮਕੀ
ਚਿੜੀ ਚੁਹਕੀ
ਮਿੱਠੀ ਮਿੱਠੀ ਸਮੀਰ ਦੇ ਮੰਦ ਮੰਦ
ਤਰੰਗ ਮੇਰੇ ਦਿਲ ਤਰੰਗਾਂ
ਨਾਲ ਆ ਗਲ ਮਿਲੇ।
ਦਾਤਾ ! ਨੂਰ ਦਾ ਤੜਕਾ,
ਚਾਉ ਚਾਉ ਚਾਰ ਚੁਫੇਰੇ
ਚਾਉ ਫੁਟਾਲਾ, ਚਾਉ ਉਜਾਲਾ,
ਨੂਰ ਖਿੜਿਆ, ਚਾਉ ਚੜ੍ਹਿਆ
ਚਾਉ ਦੀ ਛਹਿਬਰ;
ਹਾਂ, ਹੁਣ ਤਾਂ ਆਓਗੇ ਮੇਰੇ
ਅਨੰਦੀ ਚਾਉ ਮਲ੍ਹਾਰ !

... ... ...

ਮੈਂ ਉਡੀਕ ਵਿਚ ਬੈਠੀ ਹਾਂ
ਮਿੱਠੀ ਮਿੱਠੀ ਪਉਣ ਦਾ ਝੋਕਾ
ਅੱਖੀਂ ਵੜ ਗਿਆ,


www.sikhbookclub.com

ਤਪਦੇ ਮੱਥੇ ਨੂੰ ਠਾਰ ਗਿਆ,
ਨੈਣ ਪੱਟ ਪੱਟ ਖੋਹਲਦੀ ਹਾਂ,
ਮਤੇ ਨੀਂਦ ਦਾ ਝੋਕਾ ਠੱਗ ਨਾ
    ਜਾਵੇ।
ਸੂਰਜ ਚੜ੍ਹ ਪਿਆ,
ਕੱਲ ਵਰਗਾ, ਰੋਜ਼ ਵਰਗਾ,
ਨਿੱਤ ਦੀਆਂ ਉਡੀਕਾਂ ਵਾਲਾ,
ਨਿੱਤ ਵਰਗਾ, ਉਡੀਕਾਂ ਵਾਲਾ।
ਲੋਕੀ ਜਾਗ ਪਏ, ਟੁਰ ਫਿਰ ਪਏ
ਮੈਂ ਅਜੇ ਉਡੀਕਾਂ ਵਿਚ ਬੈਠੀ ਹਾਂ
ਦਾਤਾ! ਮੈਂ ਕਿਵੇਂ ਕਰਾਂ,
    ਹੋਰ ਕੀ, ਕਿੰਞ, ਹੋਰ ਕੀਹ?

... ... ...

ਮਿੱਠੀਆਂ ਮਿੱਠੀਆਂ ਉਡੀਕਾਂ,
ਮਿੱਠੇ ਮਿੱਠੇ ਪਜਾਰੇ ਪਜਾਰੇ
    ਤੁਹਾਡੇ ਆਗਮ ਦੀਆਂ,
'ਤੁਸੀਂ ਆਓਗੇ'
    ਮਿੱਠੀਆਂ ਮਿੱਠੀਆਂ ਆਸਾਂ,
'ਤੁਸੀਂ ਆਓਗੇ'
    ਪਜਾਰੀਆਂ ਪਜਾਰੀਆਂ ਤਾਂਘਾਂ,
ਦਾਤਾ! ਉਡੀਕ ਕਰ ਰਹੀ ਹਾਂ,
ਮੈਂ ਬੈਠੀ ਰਹਾਂ, ਤੁਸੀਂ ਆਓਗੇ,


www.sikhbookclub.com

ਜੀ ਆਓਗੇ !

ਮੈਂ ਬੈਠੀ ਰਹਾਂ, ਉਡੀਕ ਲਗੀ ਰਹੇ।

ਦਾਤਾ ! ਉਡੀਕ, ਦਾਤ, ਖਿੱਚਾਂ

ਤਲੁੱਕਿਆਂ ਵਾਲੀ ਰਸਮਿਸੀ

ਮਰਮੀ ਦਰਦਾਂ ਵਾਲੀ

ਉਡੀਕ ਲਗੀ ਰਹੇ,

ਸਦਾ ਲਗੀ ਰਹੇ।

- o -

**ਬੁਸ਼ਾਰਤ** (=ਖ਼ੁਸ਼ਖ਼ਬਰੀ)

ਮੈਂ ਸੁਣਿਐਂ :

ਤੁਹਾਡੇ ਦਿਲ ਵਿਚ ਮੇਰੇ ਲਈ ਪਿਆਰ ਹੈ,

ਮੈਂ ਸੁਣਿਐਂ :

ਤੁਹਾਡੇ ਮਨ ਵਿਚ ਮੇਰੇ ਲਈ ਮਿਹਰ ਹੈ:

ਇਹ ਸੁਣਕੇ

ਮੇਰੇ ਜਰਜਰੇ ਸਰੀਰ ਵਿਚੋਂ

ਉਡਾਰ ਹੋ ਰਹੇ ਮਨ ਵਿਚ

ਰਸ ਭਰ ਗਿਆ ਹੈ।

ਵਾਹ ਵਾ, ਤੁਸੀਂ !

ਵਾਹ ਵਾ, ਸੁਖ ਦੀ ਸੋਇ !

ਵਾਹ ਵਾ, 'ਲਾਇਲਾਜ ਦੇਰ' ਹੋਣੋਂ ਪਹਿਲੇ

ਬੁਸ਼ਾਰਤ ਪੁਚਾਉਣ ਵਾਲੀ ਸਮੀਰ !


www.sikhbookclub.com

## ਮੇਰੀ ਰਸਨਾ !

ਮੇਰੀ ਰਸਨਾ !

ਤੂੰ ਰਸਨਾ- ਰਸ+ਨਾ, ਪਰ

ਰਸ ਮਾਣਨਹਾਰ,

ਰਸ ਪਰਖਣਹਾਰ,

ਤੂੰ ਰਸ ਮਈ, ਰਸ ਰੂਪ।

'ਰਸ ਡੁੱਬੀ' ਰਿਹਾ ਕਰ - ਬੰਦ 'ਰਸ ਡਬੇ' ਵਿਚ;

ਖੁੱਲ੍ਹੇਂ

ਤਾਂ ਰਸਦਾਤੀ ਹੋਕੇ ਵਰਸਿਆ ਕਰ।

ਦੇਖ, ਤੇਰੀ ਪਿੱਠ ਪਿੱਛੇ ਹੈ-

'ਰਸਾ ਵੈ ਸ:ਪੁਰਖ:'।

ਤੇਰੇ ਸਾਹਮਣੇ ਖੜੇ ਹਨ:

ਰਸ-ਯਾਚਕ;-

ਰਸ ਲਿਆ ਕਰ, ਰਸ-ਮਗਨ ਰਿਹਾ ਕਰ,

ਰਸ ਦਿਆ ਕਰ।

ਕਦੇ ਨ ਦਿਆ ਕਰ,-

ਨਾ+ਰਸ,

ਕਦੇ ਨਾ ਹੋਯਾ ਕਰ, ਹੀਨ ਰਸ;

ਕਦੇ ਨਾ ਟੁੱਟਿਆ ਕਰ

'ਰਸਾ ਵੈਂ' ਤੋਂ ।

- o -


www.sikhbookclub.com

## ਇਕ ਪ੍ਰਸ਼ਨ

ਅੱਜ ਮੈਂ ਡਿੱਠਾ ਇਕ ਗੁਲਾਬ,
ਆਹੋ ਕਾਕੀ; ਇਹੋ ਸੀ ਗੁਲਾਬ,
ਮੈਂ ਡਿੱਠਾ ਸੀ ਕਦੇ ਅੱਗੇ,
ਜਦੋਂ ਸੀ ਇਹ ਨਿੱਕੀ ਨਿੱਕੀ ਡੋਡੀ,
ਬੰਦ ਬੰਦ, ਆਪੇ ਵਿਚ ਬੰਦ।
ਮੈਂ ਡਿੱਠਾ ਸੀ ਇਹੋ ਹੀ ਗੁਲਾਬ,
ਨੀ ਬੀਬਾ !
ਤਦੋਂ ਖੁੱਲ੍ਹ ਰਹੀਆਂ ਸਨ
ਡੋਡੀ ਦੇ ਬੁਰਕੇ ਦੀਆਂ ਝੀਥਾਂ
ਤੇ ਤੱਕ ਰਹੀ ਸੀ 'ਅੰਦਰ-ਬੈਠੀ'
ਲੁਕ ਲੁਕ ਝੀਥਾਂ ਵਿਚੋਂ।
ਫੇਰ ਮੈਂ ਡਿੱਠਾ ਸੀ ਇਹ ਗੁਲਾਬ,
ਨੀ ਮੁਟਿਆਰੇ !
ਘੁੰਡ ਹਟ ਗਿਆ ਸੀ ਪਰੇ,
'ਅੰਦਰ ਬੈਠੀ' ਰਹੀ ਸੀ ਮੁਸਕਰਾ,
ਭੌਰੇ ਰਹੇ ਸਨ ਤੱਕ ਮੁਸਕ੍ਰਾਹਟਾਂ
ਦੂਰੋਂ ਦੂਰੋਂ ਘੁੰਮਦੇ।
ਫੇਰ ਮੈਂ ਡਿੱਠਾ ਸੀ ਈਹੋ ਹੀ ਗੁਲਾਬ,
ਨੀ ਗੋਰੀਏ !


www.sikhbookclub.com

ਖਿੜ ਖਿੜ ਹੱਸ ਰਿਹਾ ਸੀ ਗੁਲਾਬ,
ਭਉਰੇ ਸਨ ਆਉਂਦੇ ਉਡਦੇ
ਪਾਉਂਦੇ ਗੁੰਜਾਰਾਂ ਤੇ ਕਰਦੇ ਨਾਚ,
ਲੈਂਦੇ ਸੁਗੰਧੀਆਂ, ਗਾਂਦੇ ਗੀਤ।
ਅੱਜ ਮੈਂ ਡਿੱਠਾ ਓਹੀਓ ਗੁਲਾਬ,
ਨੀ ਸਿਆਣੀਏ !
ਬੁੱਲ੍ਹ ਸੁਕ ਸੁਕ, ਸਿਰ ਨਿਹੁੜਾਇ,
ਕੁਛ ਕੁਛ ਉਦਾਸੀ, ਚਾਹੋ ਨਹੀਂ ਮੁਰਝਾਇ।
ਦੱਸ ਕਰਮਾਂ ਵਾਲੀਏ !
ਰੂਪ ਰੰਗ ਖੇੜੇ ਦੀਆਂ ਦੌਲਤਾਂ,
ਰੰਗ ਲਾ ਲਾ ਏਸ ਨੂੰ
ਟੁਰੀਆਂ ਜਾ ਰਹੀਆਂ ਹਨ ਕਿਉਂ ?
ਤੇ ਮਹਿਕਾਂ ਬੀ ਵਿਲਾਇ ?

- o -


www.sikhbookclub.com

## ਆਤਮ ਸੁਤੰਤਰਤਾ

ਤੂੰ ਜਗਤ ਵਿਚ ਹੈਂ,
ਜਗਤ ਵਿਚ ਦੁੱਖ ਹੈ,
ਪਰ ਸੁਖ ਬੀ ਹੈ।
ਨਾਂ ਦੁੱਖ ਤੋਂ ਕਾਇਰ ਹੋਕੇ ਭੱਜ,
ਨਾਂ ਸੁਖ ਦੇ ਮਗਰ ਲੋਭੀ ਹੋਕੇ ਭੱਜ !
ਦੁੱਖ ਦੇ ਆਇਆਂ ਝੱਲ
ਤੇ ਉੱਚਾ ਹੋਕੇ ਵਿਚ ਦੀ ਲੰਘ ਜਾ !
ਐਉਂ ਸੁਖ ਦੁਖ ਦਾ ਬਲ
ਤੇਰੇ ਤੇ ਘਟੇਗਾ,
ਤੇਰਾ ਬਲ ਉਨ੍ਹਾਂ ਤੇ ਵਧੇਗਾ,
ਬਲ ਵਧਣ ਨਾਲ
ਆਤਮ ਸੁਤੰਤਰਤਾ ਵਧੇਗੀ।

- o -


www.sikhbookclub.com